# ਨਗਰ ਨਿਗਮ ਜਲੰਧਰ

# ਨਗਰ ਨਿਗਮ ਹਾਊਸ ਦੀ ਮੀਟਿੰਗ

# ਮਿਤੀ **23-7-2018**

# ਦੀ ਕਾਰਵਾਈ

(ਮਤਾ ਨੰ: **110-120** )

**ਨਗਰ ਨਿਗਮ ਜਲੰਧਰ ਹਾਊਸ ਮੀਟਿੰਗ ਮਿਤੀ 23.07.2018 ਨੂੰ ਹੋਈ ਦੀ ਕਾਰਵਾਈ ।**

ਮਿਤੀ 23.07.2018 ਨੂੰ ਨਗਰ ਨਿਗਮ ਹਾਊਸ ਦੀ ਜਨਰਲ ਮੀਟਿੰਗ ਸਮਾਂ ਬਾਅਦ ਦੁਪਹਿਰ 3:00 ਵਜੇ ਡਾ: ਬੀ.ਆਰ. ਅੰਬੇਦਕਰ ਪ੍ਰਸ਼ਾਸਕੀ ਕੰਪਲੈਕਸ, ਦੂਸਰੀ ਮੰਜਿਲ, ਮੀਟਿੰਗ ਹਾਲ, ਨਗਰ ਨਿਗਮ, ਨਹਿਰੂ ਗਾਰਡਨ ਵਿਖੇ ਹੋਈ, ਜਿਸ ਵਿਚ ਹੇਠ ਲਿਖੇ ਅਨੁਸਾਰ ਹਾਜਰ ਹੋਏ:-

| ਲੜੀ ਨੰ: | ਵਾਰਡ ਨੰ: | ਨਾਮ ਅਤੇ ਅਹੁੱਦਾ |
|---|---|---|
| 1. | 48 | ਸ੍ਰੀ ਜਗਦੀਸ਼ ਰਾਜ ਰਾਜਾ, ਮੇਅਰ |
| 2. | 39 | ਸ੍ਰੀਮਤੀ ਸੁਰਿੰਦਰ ਕੌਰ, ਸੀਨੀਅਰ ਡਿਪਟੀ ਮੇਅਰ |
| 3. | 44 | ਸ੍ਰੀ ਹਰਸਿਮਰਨਜੀਤ, ਡਿਪਟੀ ਮੇਅਰ |
| 4. | 1 | ਸ੍ਰੀਮਤੀ ਤਮਨਰੀਤ ਕੌਰ, ਕੌਂਸਲਰ |
| 5. | 2 | ਸ੍ਰੀ ਸੁਸ਼ੀਲ ਕੁਮਾਰ, ਕੌਂਸਲਰ |
| 6. | 3 | ਸ੍ਰੀਮਤੀ ਰਿਸ਼ਾ ਸੈਣੀ, ਕੌਂਸਲਰ |
| 7. | 4 | ਸ੍ਰੀ ਪਰਮਜੀਤ ਸਿੰਘ, ਕੌਂਸਲਰ |
| 8. | 5 | ਸ੍ਰੀਮਤੀ ਬਲਜਿੰਦਰ ਕੌਰ, ਕੌਂਸਲਰ |
| 9. | 6 | ਸ੍ਰੀ ਨਿਰਮਲ ਸਿੰਘ, ਕੌਂਸਲਰ |
| 10. | 7 | ਸ੍ਰੀਮਤੀ ਨੀਲਮ, ਕੌਂਸਲਰ |
| 11. | 9 | ਸ੍ਰੀਮਤੀ ਮਨਦੀਪ ਕੌਰ, ਕੌਂਸਲਰ |
| 12. | 10 | ਸ੍ਰੀ ਮਨਦੀਪ ਕੁਮਾਰ ਜੱਸਲ, ਕੌਂਸਲਰ |
| 13. | 11 | ਸ੍ਰੀਮਤੀ ਪ੍ਰਵੀਨਾ, ਕੌਂਸਲਰ |
| 14. | 12 | ਸ੍ਰੀ ਜਗਦੀਸ਼ ਕੁਮਾਰ, ਕੌਂਸਲਰ |
| 15. | 13 | ਸ੍ਰੀਮਤੀ ਬਿਮਲਾ ਰਾਣੀ, ਕੌਂਸਲਰ |
| 16. | 15 | ਸ੍ਰੀਮਤੀ ਡੌਲੀ, ਕੌਂਸਲਰ |
| 17. | 16 | ਸ੍ਰੀ ਮਨਮੋਹਣ ਸਿੰਘ, ਕੌਂਸਲਰ |
| 18. | 17 | ਸ੍ਰੀਮਤੀ ਸ਼ੈਲੀ ਖੰਨਾਂ, ਕੌਂਸਲਰ |
| 19. | 18 | ਸ੍ਰੀ ਬਲਜੀਤ ਸਿੰਘ ਥਿੰਦ, ਕੌਂਸਲਰ |
| 20. | 19 | ਸ੍ਰੀਮਤੀ ਊਮਾ ਬੇਰੀ, ਕੌਂਸਲਰ |
| 21. | 20 | ਸ੍ਰੀਮਤੀ ਜਸਲੀਨ ਸੇਠੀ, ਕੌਂਸਲਰ |
| 22. | 21 | ਸ੍ਰੀਮਤੀ ਮਨਜੀਤ ਕੌਰ, ਕੌਂਸਲਰ |
| 23. | 22 | ਸ੍ਰੀ ਪ੍ਰੱਭਦਿਆਲ, ਕੌਂਸਲਰ |
| 24. | 23 | ਸ੍ਰੀਮਤੀ ਨੀਰਜਾ ਜੈਨ, ਕੌਂਸਲਰ |
| 25. | 24 | ਸ੍ਰੀ ਰਜਿੰਦਰ ਕੁਮਾਰ ਜੁਨੇਜਾ, ਕੌਂਸਲਰ |
| 26. | 26 | ਸ੍ਰੀ ਰੋਹਨ ਸਹਿਗਲ, ਕੌਂਸਲਰ |
| 27. | 27 | ਸ੍ਰੀਮਤੀ ਅਰੁਣਾ ਅਰੌੜਾ, ਕੌਂਸਲਰ |
| 28. | 28 | ਸ੍ਰੀ ਬਲਰਾਜ ਠਾਕੁਰ, ਕੌਂਸਲਰ |
| 29. | 29 | ਸ੍ਰੀਮਤੀ ਪਰਮਜੀਤ ਕੌਰ ਬਾਗੜੀ, ਕੌਂਸਲਰ |
| 30. | 32 | ਸ੍ਰੀ ਸੁੱਚਾ ਸਿੰਘ, ਕੌਂਸਲਰ |
| 31. | 33 | ਸ੍ਰੀਮਤੀ ਕਮਲਾ ਰਾਣੀ, ਕੌਂਸਲਰ |
| 32. | 34 | ਸ੍ਰੀ ਤਰਸੇਮ ਸਿੰਘ, ਕੌਂਸਲਰ |
| 33. | 35 | ਸ੍ਰੀਮਤੀ ਗੀਤਾ ਰਾਣੀ, ਕੌਂਸਲਰ |
| 34. | 36 | ਸ੍ਰੀ ਬਚਨ ਲਾਲ, ਕੌਂਸਲਰ |
| 35. | 38 | ਸ੍ਰੀ ਓਮਕਾਰ ਰਾਜੀਵ, ਕੌਂਸਲਰ |
| 36. | 40 | ਸ੍ਰੀ ਵਰੇਸ਼ ਕੁਮਾਰ, ਕੌਂਸਲਰ |
| 37. | 41 | ਸ੍ਰੀਮਤੀ ਅਨੀਤਾ, ਕੌਂਸਲਰ |
| 38. | 43 | ਸ੍ਰੀਮਤੀ ਬਬੀਤਾ ਰਾਣੀ, ਕੌਂਸਲਰ |
| 39. | 45 | ਸ੍ਰੀਮਤੀ ਜਸਪਾਲ ਕੌਰ, ਕੌਂਸਲਰ |
| 40. | 47 | ਸ੍ਰੀਮਤੀ ਬਲਵਿੰਦਰ ਕੌਰ, ਕੌਂਸਲਰ |

| | | |
|---|---|---|
| 41. | 49 | ਸ਼੍ਰੀਮਤੀ ਅਨੀਤਾ ਰਾਜਾ, ਕੌਂਸਲਰ |
| 42. | 50 | ਸ਼੍ਰੀ ਪਰਮਜੋਤ ਸਿੰਘ, ਕੌਂਸਲਰ |
| 43. | 51 | ਸ਼੍ਰੀਮਤੀ ਰਾਧਿਕਾ ਪਾਠਕ, ਕੌਂਸਲਰ |
| 44. | 52 | ਸ਼੍ਰੀ ਵਿਪਨ ਕੁਮਾਰ ਚੱਡਾ, ਕੌਂਸਲਰ |
| 45. | 53 | ਸ਼੍ਰੀਮਤੀ ਰਜਨੀ ਬਾਹਰੀ, ਕੌਂਸਲਰ |
| 46. | 54 | ਸ਼੍ਰੀਮਤੀ ਰੀਟਾ ਸ਼ਰਮਾ, ਕੌਂਸਲਰ |
| 47. | 55 | ਸ਼੍ਰੀਮਤੀ ਵੰਦਨਾਂ, ਕੌਂਸਲਰ |
| 48. | 56 | ਸ਼੍ਰੀ ਪਲਨੀ ਅੱਪਨ, ਕੌਂਸਲਰ |
| 49. | 58 | ਸ਼੍ਰੀ ਰਾਜਵਿੰਦਰ ਸਿੰਘ ਰਾਜਾ, ਕੌਂਸਲਰ |
| 50. | 59 | ਸ਼੍ਰੀਮਤੀ ਰੀਨਾ ਕੌਰ, ਕੌਂਸਲਰ |
| 51. | 60 | ਸ਼੍ਰੀ ਅਵਤਾਰ ਸਿੰਘ, ਕੌਂਸਲਰ |
| 52. | 61 | ਸ਼੍ਰੀਮਤੀ ਰਿਸ਼ਮਾ ਖੋਸਲਾ, ਕੌਂਸਲਰ |
| 53. | 62 | ਸ਼੍ਰੀ ਦੀਪਕ ਸ਼ਾਰਦਾ, ਕੌਂਸਲਰ |
| 54. | 63 | ਸ਼੍ਰੀਮਤੀ ਜਸਵਿੰਦਰ ਕੌਰ, ਕੌਂਸਲਰ |
| 55. | 64 | ਸ਼੍ਰੀ ਸੁਸ਼ੀਲ ਕਾਲੀਆ, ਕੌਂਸਲਰ |
| 56. | 65 | ਸ਼੍ਰੀਮਤੀ ਅੰਜਲੀ, ਕੌਂਸਲਰ |
| 57. | 66 | ਸ਼੍ਰੀ ਦਵਿੰਦਰ ਸਿੰਘ, ਕੌਂਸਲਰ |
| 58. | 67 | ਸ਼੍ਰੀਮਤੀ ਕਵਲਜੀਤ ਕੌਰ ਗੁੱਲੂ, ਕੌਂਸਲਰ |
| 59. | 68 | ਸ਼੍ਰੀ ਗੁਰਵਿੰਦਰਪਾਲ ਸਿੰਘ ਬੰਟੀ ਨੀਲਕੰਠ, ਕੌਂਸਲਰ |
| 60. | 69 | ਸ਼੍ਰੀਮਤੀ ਸਰਫੋ ਦੇਵੀ, ਕੌਂਸਲਰ |
| 61. | 70 | ਸ਼੍ਰੀ ਗਿਆਨ ਚੰਦ, ਕੌਂਸਲਰ |
| 62. | 72 | ਸ਼੍ਰੀ ਮਿੰਟੂ, ਕੌਂਸਲਰ |
| 63. | 73 | ਸ਼੍ਰੀਮਤੀ ਚੰਦਰਜੀਤ ਕੌਰ ਸੰਧਾ, ਕੌਂਸਲਰ |
| 64. | 74 | ਸ਼੍ਰੀ ਮਦਨ ਲਾਲ, ਕੌਂਸਲਰ |
| 65. | 75 | ਸ਼੍ਰੀਮਤੀ ਅਨੀਤਾ ਰਾਣੀ, ਕੌਂਸਲਰ |
| 66. | 76 | ਸ਼੍ਰੀ ਲਖਵੀਰ ਸਿੰਘ, ਕੌਂਸਲਰ |
| 67. | 77 | ਸ਼੍ਰੀਮਤੀ ਸ਼ਵੇਤਾ ਧੀਰ, ਕੌਂਸਲਰ |
| 68. | 78 | ਸ਼੍ਰੀ ਜਗਦੀਸ਼ ਰਾਮ, ਕੌਂਸਲਰ |
| 69. | 79 | ਸ਼੍ਰੀਮਤੀ ਜਸਪਾਲ ਕੌਰ ਨਾਗਰਾ, ਕੌਂਸਲਰ |
| 70. | 80 | ਸ਼੍ਰੀ ਦੇਸ ਰਾਜ ਜੱਸਲ, ਕੌਂਸਲਰ |

ਕੁਲ ਹਾਜ਼ਰ ਮੈਂਬਰ: 70

ਸਹੀ/- ਜਗਦੀਸ਼ ਰਾਜ ਰਾਜਾ,
ਮੇਅਰ
23.7.2018

ਅੱਜ ਦੀ ਮੀਟਿੰਗ ਦੀ ਕਾਰਵਾਈ ਸ਼ੁਰੂ ਕਰਨ ਤੋਂ ਪਹਿਲਾਂ ਮੈਂ ਸਮੂਹ ਹਾਊਸ ਦੀ ਨਗਰ ਨਿਗਮ ਜਲੰਧਰ ਦੇ ਨਵੇਂ ਕਮਿਸ਼ਨਰ ਸ੍ਰੀ ਦਿਪਰਵਾ ਲਾਕਰਾ, ਆਈ.ਏ.ਐਸ., ਨਾਲ ਜਾਣੂ ਕਰਵਾਉਂਦਾ ਹਾਂ ਅਤੇ ਜੀ ਆਇਆ ਆਖ਼ਦਾ ਹਾਂ। ਇਸ ਤੇ ਸਮੂਹ ਹਾਊਸ ਨੇ ਮੇਜਾਂ ਥਪਥਪਾ ਕੇ ਕਮਿਸ਼ਨਰ ਜੀ ਦਾ ਸਵਾਗਤ ਕੀਤਾ । ਮੇਅਰ ਜੀ ਨੇ ਸੀਨੀਅਰ ਡਿਪਟੀ ਮੇਅਰ, ਡਿਪਟੀ ਮੇਅਰ, ਹਾਜ਼ਰ ਕੋਂਸਲਰ ਸਾਥੀ ਅਤੇ ਮੀਡਿਆ ਤੋਂ ਆਏ ਹੋਏ ਨੁਮਾਇੰਦਿਆਂ ਨੂੰ ਜੀ ਆਇਆ  ਆਖਿਆ ਅਤੇ ਕਿਹਾ ਕਿ ਅਗਲੀ ਕਾਰਵਾਈ ਸ਼ੁਰੂ ਕਰਨ ਤੋਂ ਪਹਿਲਾਂ ਜ਼ੋ ਦਿਵੰਗਤ ਆਤਮਾਵਾਂ ਪਿਛਲੇ ਦਿਨੀਂ ਅਕਾਲ ਚਲਾਣਾ ਕਰ ਗਈਆਂ ਹਨ, ਉਹਨਾਂ ਪ੍ਰਤੀ ਸ਼ੋਕ ਦਾ ਪ੍ਰਗਟਾਵਾ ਕਰਦੇ ਹਾਂ ਜਿਸ ਵਿੱਚ ਸ੍ਰੀ ਜ਼ਸਵਿੰਦਰ ਸਿੰਘ ਬਿੱਲਾ, ਸਾਬਕਾ ਕੋਂਸਲਰ  ਪਤੀ ਸ੍ਰੀਮਤੀ ਸਰਬਜੀਤ ਕੌਰ, ਕੋਂਸਲਰ ਹਨ।

ਇਸ ਉਪਰੰਤ ਮੇਅਰ ਜੀ ਨੇ ਦਿਵੰਗਤ ਆਤਮਾ ਦੀ ਸ਼ਾਤੀ ਲਈ ਸਮੂਹ ਹਾਊਸ ਨੂੰ ਖੜੇ ਹੋ ਕੇ ਦੋ ਮਿੰਟ ਦਾ ਮੋਨ ਧਾਰਨ ਲਈ ਬੇਨਤੀ ਕੀਤੀ ਜਿਸ ਤੇ ਸਮੂਹ ਹਾਊਸ ਵਲੋਂ ਦਿਵੰਗਤ ਆਤਮਾ ਦੀ ਸ਼ਾਤੀ ਲਈ ਖੜੇ ਹੋ ਕੇ ਦੋ ਮਿੰਟ ਦਾ ਮੋਨ ਧਾਰਿਆ ਗਿਆ ।

ਇਸ ਉਪਰੰਤ ਮੇਅਰ ਜੀ ਨੇ 10 ਮਿੰਟ ਲਈ ਮੀਟਿੰਗ ਮੁਲਤਵੀ ਕਰਨ ਦੇ ਆਦੇਸ਼ ਦਿੱਤੇ ।

ਸਹੀ/- ਜਗਦੀਸ਼ ਰਾਜ ਰਾਜਾ, ਮੇਅਰ
23.7.2018

ਦੋਬਾਰਾ ਮੀਟਿੰਗ ਸ਼ੁਰੂ ਕਰਨ ਤੇ ਮੇਅਰ ਜੀ ਨੇ ਕਿਹਾ ਕਿ ਅੱਜ ਦੀ ਮੀਟਿੰਗ ਦੀ ਕਾਰਵਾਈ ਸ਼ੁਰੂ ਕਰਨ ਤੋਂ ਪਹਿਲਾਂ ਮੈਂ ਸਾਰੇ ਕੋਂਸਲਰਾਂ ਨੂੰ ਪੁੱਛਣਾ ਚਾਹੁੰਦਾ ਹਾਂ ਕਿ ਕੀ ਸਾਰੇ ਕੋਂਸਲਰ ਪਿਛਲੇ ਹਾਊਸ ਦੀ ਕਾਰਵਾਈ ਦੀ ਪੁਸ਼ਟੀ ਕਰਨਾ ਚਾਹੁੰਦੇ ਹਨ । ਕੀ ਸਾਰੇ ਕੋਂਸਲਰਾਂ ਨੂੰ ਪਿਛਲੀ ਮੀਟਿੰਗ ਵਿੱਚ ਉਹਨਾਂ ਵਲੋਂ ਪੁੱਛੇ ਗਏ ਸਵਾਲਾਂ ਦੇ ਜਵਾਬ ਅਧਿਕਾਰੀਆਂ ਵਲੋਂ ਦੇ ਦਿੱਤੇ ਗਏ ਹਨ । ਕਿਉਂਕਿ ਮੈਂ ਸੰਤੁਸ਼ਟ ਨਹੀਂ ਹਾਂ ਅਤੇ ਮੈਨੂੰ ਲਗਦਾ ਹੈ ਕਿ ਤੁਸੀਂ ਸਾਰੇ ਵੀ ਕਾਰਵਾਈ ਪੜ੍ਹ ਕੇ ਨਹੀਂ ਆਉਂਦੇ ਅਤੇ ਅਧਿਕਾਰੀਆਂ ਵਲੋਂ ਜਿਵੇਂ ਪਹਿਲਾਂ ਹੁੰਦਾ ਆਇਆ ਹੈ, ਉੰਝ ਹੀ ਹਾਊਸ ਵਲੋਂ ਲਏ ਜਾਂਦੇ ਫੈਸਲਿਆਂ ਸਬੰਧੀ ਕੋਈ ਜਵਾਬ ਨਹੀਂ ਦਿੱਤਾ ਜਾਂਦਾ । ਮੈਂ ਚਾਹਾਂਗਾ ਕਿ ਸਾਰੇ ਕੋਂਸਲਰ ਅਧਿਕਾਰੀਆਂ ਤੋਂ ਪਹਿਲਾਂ ਆਪਣੇ ਪਿਛਲੇ ਜਵਾਬ ਲੈਣ ਕਿਉਂ ਜ਼ੋ ਜੇਕਰ ਅਸੀਂ ਜਵਾਬ ਹੀ ਨਹੀਂ ਲੈਣੇ ਤਾਂ ਫਿਰ ਕੋਈ ਫਾਇਦਾ ਨਹੀਂ ਮੀਟਿੰਗ ਕਰਨ ਦਾ ।

ਸ੍ਰੀ ਪਰਮਜੀਤ ਸਿੰਘ ਰੇਰੂ, ਕੋਂਸਲਰ, ਵਾਰਡ ਨੰ: 4 ਵਲੋਂ ਦੱਸਿਆ ਗਿਆ ਕਿ ਪਿਛਲੀ ਮੀਟਿੰਗ ਵਿੱਚ ਮੈਂ ਕਿਹਾ ਸੀ ਕਿ ਵਾਰਡ ਦੇ ਇੱਕ ਟਿਊਬਵੈਲ ਦਾ ਵਰਕ ਆਰਡਰ ਹੋਇਆਂ ਇੱਕ ਸਾਲ ਤੋਂ ਵੱਧ ਸਮਾਂ ਹੋ ਚੁੱਕਾ ਹੈ ਪਰ ਅਜੇ ਤੱਕ ਕੰਮ ਸ਼ੁਰੂ ਨਹੀਂ ਹੋਇਆ। ਉਹ ਪਿਛਲੀਆਂ ਦੋ ਮੀਟਿੰਗਾਂ ਵਿੱਚ ਇਹ ਗੱਲ ਕਹਿ ਚੁੱਕੇ ਹਨ ਪਰ ਕੋਈ ਸੁਣਵਾਈ ਨਹੀਂ ਹੋ ਰਹੀ। ਲੋਕ ਪਰੇਸ਼ਾਨ ਹੋ ਰਹੇ ਹਨ। ਕਿਸੇ ਅਫ਼ਸਰ ਦੀ ਜਿੰਮੇਵਾਰੀ ਫਿਕਸ ਕੀਤੀ ਜਾਵੇ । ਹਰਗੋਬਿੰਦ ਨਗਰ ਦਾ ਟਿਊਬਵੈਲ ਵੀ ਫੇਲ ਹੋ ਚੁੱਕਾ ਹੈ । ਸੀਵਰੇਜ਼ ਦੀ ਸੱਮਸਿਆ ਬਾਰੇ ਉਹਨਾਂ ਵਲੋਂ ਪਿਛਲੀ ਮੀਟਿੰਗ ਵਿੱਚ ਵੀ ਮੁੱਦਾ ਉਠਾਇਆ ਸੀ ਕਿ ਸੀਵਰੇਜ਼ ਦੀ ਸੱਮਸਿਆ ਦੇ ਪੱਕੇ ਹਲ ਲਈ ਜੈਤੇਵਾਲੀ ਐਸ.ਟੀ.ਪੀ. ਦੀ ਲਾਈਨ ਨਾਲ ਸੀਵਰੇਜ਼ ਦੀ ਲਾਈਨ ਜ਼ੋੜ ਦਿੱਤੀ ਜਾਵੇ ਪਰ ਕੁਝ ਨਹੀਂ ਹੋਇਆ ।

ਸਬੰਧਤ ਕਾਰਜਕਾਰੀ ਇੰਜੀਨਿਅਰ (ਓ ਐਂਡ ਐਮ) ਨੂੰ ਜਵਾਬ ਦੇਣ ਲਈ ਕਿਹਾ ਗਿਆ ਸੀ ਤਾਂ ਉਸ ਵਲੋਂ ਦੱਸਿਆ ਗਿਆ ਸੀ ਕਿ ਜਿਹੜੇ ਟਿਊਬਵੈਲ ਦਾ ਵਰਕ ਆਰਡਰ ਹੋਇਆ ਹੈ, ਉਸ ਠੇਕੇਦਾਰ ਦਾ ਐਕਸੀਡੈਂਟ ਹੋਣ ਕਾਰਣ ਉਹ ਕੰਮ ਸ਼ੁਰੂ ਨਹੀਂ ਕਰ ਸਕਿਆ । ਇਸ ਤੇ ਮੇਅਰ ਜੀ ਨੇ ਉਸ ਨੂੰ ਪੁੱਛਿਆ ਸੀ ਕਿ ਕੀ ਉਸਦਾ ਐਕਸੀਡੈਂਟ ਹੋਏ ਨੂੰ ਸਾਲ ਹੋ ਗਿਆ ਹੈ । ਜੇਕਰ ਨਹੀਂ ਤਾਂ ਕੀ ਉਸਨੂੰ ਕੋਈ ਨੋਟਿਸ ਜਾਰੀ ਕੀਤਾ ਗਿਆ ਹੈ, ਕੋਈ ਪੈਨਲਟੀ ਲਗਾਈ ਗਈ ਹੈ ਤਾਂ ਉਸ ਦੀ ਕਾਪੀ ਕੋਂਸਲਰ ਨੂੰ ਦਿੱਤੀ ਜਾਵੇ ।ਇਸ ਤੇ ਮੇਅਰ ਜੀ ਨੇ ਨਿਗਰਾਨ ਇੰਜੀਨਿਅਰ (ਓ ਐਂਡ ਐਮ) ਨੂੰ ਜਵਾਬ ਦੇਣ ਲਈ ਕਿਹਾ ਤਾਂ ਉਹਨਾਂ ਵਲੋਂ ਦੱਸਿਆ ਗਿਆ ਕਿ ਠੇਕੇਦਾਰ ਵਿਦੇਸ਼ ਗਿਆ ਹੋਇਆ ਹੈ ਅਤੇ 27 ਤਰੀਕ ਨੂੰ ਕੰਮ ਸ਼ੁਰੂ ਹੋ ਜਾਵੇਗਾ। ਮੇਅਰ ਜੀ ਨੇ ਉਹਨਾਂ ਨੂੰ ਕਿਹਾ ਕਿ ਮੈਂ ਤੁਹਾਨੂੰ ਕਿਹਾ ਸੀ ਕਿ ਉਸ ਨੂੰ ਨੋਟਿਸ ਦੇ ਕੇ ਉਸਦੀ ਕਾਪੀ ਕੋਂਸਲਰ ਨੂੰ ਦਿੱਤੀ ਜਾਵੇ। ਕੀ ਤੁਸੀਂ ਉਸ ਨੂੰ ਨੋਟਿਸ ਦਿੱਤਾ । ਮੈਂ ਵਾਰ

ਵਾਰ ਤੁਹਾਨੂੰ ਸਾਰਿਆਂ ਨੂੰ ਕਹਿ ਰਿਹਾ ਹਾਂ ਕਿ ਕੌਂਸਲਰਾਂ ਦੀਆਂ ਗੱਲਾਂ ਦਾ ਜਵਾਬ ਦਿਆ ਕਰੋ ਪਰ ਤੁਸੀਂ ਹਾਊਸ ਦੀ ਕੋਈ ਮਰਿਆਦਾ ਦਾ ਖ਼ਿਆਲ ਨਹੀਂ ਰੱਖ ਰਹੇ। ਤੁਸੀਂ ਤਨਖ਼ਾਹਾਂ ਨਾ ਮਿਲਣ ਤੇ ਰੋਸ਼ ਦਾ ਪ੍ਰਗਟਾਵਾ ਕਰਦੇ ਹੋ ਅਤੇ ਲੋਕੀ ਪਾਣੀ ਨੂੰ ਤਰਸ ਰਹੇ ਹਨ । ਹੁਣ ਦਸੋਂ ਕਿ ਇਹ ਕੰਮ ਕਦੋਂ ਸ਼ੁਰੂ ਹੋ ਜਾਵੇਗਾ ਜਿਸ ਤੇ ਐਸ.ਈ. ਵਲੋਂ ਦੱਸਿਆ ਗਿਆ ਕਿ 10 ਦਿਨਾਂ ਦੇ ਅੰਦਰ ਅੰਦਰ ਕੰਮ ਸ਼ੁਰੂ ਹੋ ਜਾਵੇਗਾ । ਮੇਅਰ ਜੀ ਨੇ ਕਿਹਾ ਕਿ ਜੇਕਰ 10 ਦਿਨਾਂ ਦੇ ਅੰਦਰ ਕੰਮ ਸ਼ੁਰੂ ਨਹੀਂ ਹੁੰਦਾ ਤਾਂ ਉਸ ਠੇਕੇਦਾਰ ਨੂੰ ਬਲੈਕ ਲਿਸਟ ਕੀਤਾ ਜਾਵੇ ।ਐਸ.ਈ. ਵਲੋਂ ਦੱਸਿਆ ਗਿਆ ਜੈਤੇਵਾਲੀ ਐਸ.ਟੀ.ਪੀ. ਨਾਲ ਸੀਵਰੇਜ਼ ਲਾਈਨ ਜ਼ੋੜਣ ਦਾ ਕੰਮ ਸੀਵਰੇਜ਼ ਬੋਰਡ ਵਲੋਂ ਕੀਤਾ ਜਾਣਾ ਹੈ। ਸੀਵਰੇਜ਼ ਬੋਰਡ ਵਲੋਂ ਦੱਸਿਆ ਗਿਆ ਹੈ ਕਿ ਅੱਧਾ ਕੰਮ ਹੋ ਚੁੱਕਾ ਹੈ ਅਤੇ ਅੱਧਾ ਕੰਮ ਕਰਵਾਉਣ ਲਈ ਚੰਡੀਗੜ੍ਹ ਸਰਕਾਰ ਪਾਸ ਪ੍ਰਵਾਨਗੀ ਹਿੱਤ ਭੇਜਿਆ ਹੋਇਆ ਹੈ ।

ਸ੍ਰੀ ਪਰਮਜੀਤ ਸਿੰਘ ਰੇਰੂ, ਕੌਂਸਲਰ ਵਾਰਡ ਨੰ:4 ਵਲੋਂ ਕਿਹਾ ਗਿਆ ਕਿ ਉਹਨਾਂ ਵਲੋਂ ਪਿਛਲੀ ਮੀਟਿੰਗ ਵਿੱਚ ਇਹ ਮੁੱਦਾ ਉਠਾਇਆ ਗਿਆ ਸੀ ਕਿ ਇੱਕ ਕਲੋਨੀ ਵਾਲਿਆਂ ਵਲੋਂ ਈ.ਡੀ.ਸੀ. ਚਾਰਜਜ਼ ਦੀਆਂ 12 ਕਿਸ਼ਤਾਂ ਵਿੱਚੋਂ ਪੰਜ ਕਿਸ਼ਤਾਂ ਜਮ੍ਹਾਂ ਕਰਵਾ ਦਿੱਤੀਆਂ ਗਈਆਂ ਸਨ ਅਤੇ ਉਸਨੇ ਬੇਨਤੀ ਕੀਤੀ ਸੀ ਕਿ ਬਾਕੀ ਦੀਆਂ 7 ਕਿਸ਼ਤਾਂ ਦੇ ਪੈਸੇ ਬਨਾ ਕੇ ਦੱਸੇ ਜਾਣ ਤਾਂ ਜ਼ੋ ਉਹ ਇੱਕ ਮੁਸ਼ਤ ਜਮ੍ਹਾ ਕਰਵਾਉਣ ਲਈ ਤਿਆਰ ਹੈ ਜਿਹੜਾ ਕਿ ਲਗਭਗ 60 ਲੱਖ ਰੁਪਏ ਬਣਦਾ ਹੈ । ਪਰ ਦਫ਼ਤਰ ਵਲੋਂ ਇਸ ਸਬੰਧੀ ਕੋਈ ਕਾਰਵਾਈ ਨਹੀਂ ਕੀਤੀ ਗਈ । ਇਸ ਤੋਂ ਇਲਾਵਾ ਉਸ ਕੋਲੋਨਾਈਜ਼ਰ ਨੇ ਮਿਤੀ 25.4.2018 ਨੂੰ ਇੱਕ ਹੋਰ ਕਿਸ਼ਤ ਰੁ. 10,19,397/- ਦਾ ਚੈਕ ਨਗਰ ਨਿਗਮ ਨੂੰ ਦੇ ਦਿੱਤਾ ਸੀ ਜਿਹੜਾ ਕਿ ਨਗਰ ਨਿਗਮ ਦੇ ਖਾਤੇ ਵਿੱਚ ਹੁਣ ਜਮ੍ਹਾ ਹੋ ਚੁੱਕਾ ਹੈ । ਬਾਕੀ ਕਿਸ਼ਤਾਂ ਸਬੰਧੀ ਕੀ ਕਾਰਵਾਈ ਕੀਤੀ ਗਈ ਹੈ ।

ਇਸ ਤੇ ਮੇਅਰ ਜੀ ਨੇ ਸ੍ਰੀ ਲਖਵੀਰ ਸਿੰਘ, ਏ.ਟੀ.ਪੀ. ਨੂੰ ਜਵਾਬ ਦੇਣ ਲਈ ਕਿਹਾ ਤਾਂ ਉਸ ਵਲੋਂ ਦੱਸਿਆ ਗਿਆ ਕਿ ਜਿਵੇਂ ਕਿ ਸਾਰਿਆਂ ਨੂੰ ਪਤਾ ਹੀ ਹੈ ਕਿ ਬਿਲਡਿੰਗ ਸ਼ਾਖਾ ਦੇ 9 ਅਧਿਕਾਰੀ ਸਸਪੈਂਡ ਹਨ ਅਤੇ ਸਿਰਫ ਦੋ ਅਧਿਕਾਰੀ ਹੀ ਇਸ ਵੇਲੇ ਕੰਮ ਕਰ ਰਹੇ ਹਨ ਜਿਸ ਤੇ ਮੇਅਰ ਜੀ ਨੇ ਵੀ ਸਮੂਹ ਹਾਊਸ ਨੂੰ ਇਸ ਗੱਲ ਤੋਂ ਜਾਣੂ ਕਰਵਾਇਆ ਕਿ ਵਾਕਈ ਬਿਲਡਿੰਗ ਸ਼ਾਖਾ ਵਿੱਚ ਸਟਾਫ ਦੀ ਕੰਮੀ ਹੈ, ਇਸ ਲਈ ਇਸ ਸਬੰਧੀ ਜਾਣਕਾਰੀ ਅਗਲੀ ਮੀਟਿੰਗ ਵਿੱਚ ਦੇ ਦਿੱਤੀ ਜਾਵੇ ।

ਸ੍ਰੀ ਸੁਸ਼ੀਲ ਕਾਲੀਆ, ਕੌਂਸਲਰ ਵਾਰਡ ਨੰ: 64 ਵਲੋਂ ਕਿਹਾ ਗਿਆ ਕਿ ਉਹਨਾਂ ਨੇ ਪਿਛਲੀ ਮੀਟਿੰਗ ਵਿੱਚ ਇਹ ਮੁੱਦਾ ਉਠਾਇਆ ਸੀ ਕਿ ਜੇਕਰ ਕੋਈ ਟਿਊਬਵੈਲ ਖ਼ਰਾਬ ਹੁੰਦਾ ਹੈ ਤਾਂ ਤਿੰਨ ਦਿਨਾਂ ਬਾਅਦ ਠੀਕ ਹੁੰਦਾ ਹੈ।

ਇਸ ਤੇ ਮੇਅਰ ਜੀ ਨੇ ਐਸ.ਈ.(ਓ ਐਂਡ ਐਮ) ਨੂੰ ਪੁੱਛਿਆ ਸੀ ਕਿ ਇਸ ਸਬੰਧੀ ਟਿਊਬਵੈਲਾਂ ਦੀ ਓਪਰੇਸ਼ਨ ਅਤੇ ਮੇਨਟੀਨੈਂਸ ਦੀਆਂ ਕੀ ਕੰਡੀਸ਼ਨਾਂ ਹਨ ।ਜਿਸ ਤੇ ਐਸ.ਈ. ਨੇ ਦੱਸਿਆ ਸੀ ਕਿ 24 ਘੰਟੇ ਅੰਦਰ ਅੰਦਰ ਫਾਲਟ ਦੂਰ ਕਰਨਾ ਹੁੰਦਾ ਹੈ। ਮੇਅਰ ਜੀ ਨੇ ਪੁੱਛਿਆ ਸੀ ਕਿ ਜੇਕਰ 24 ਘੰਟੇ ਅੰਦਰ ਫਾਲਟ ਠੀਕ ਨਹੀਂ ਹੁੰਦਾ ਤਾਂ ਕੀ ਉਸ ਠੇਕੇਦਾਰ ਨੂੰ ਜੁਰਮਾਨਾ ਲਗਾਇਆ ਜਾਂਦਾ ਹੈ ਤਾਂ ਐਸ.ਈ ਵਲੋਂ ਦੱਸਿਆ ਗਿਆ ਸੀ ਕਿ ਜੁਰਮਾਨਾ ਲਗਾਉਣ ਦੀ ਪਰੋਵਿਜ਼ਨ ਤਾਂ ਹੈ ਪਰ ਲਗਾਇਆ ਨਹੀਂ ਜਾਂਦਾ ।ਇਸ ਤੇ ਮੇਅਰ ਜੀ ਨੇ ਹਦਾਇਤ ਕੀਤੀ ਸੀ ਕਿ ਸੀ.ਐਸ.ਆਰ. ਦੇ ਰੂਲਾਂ ਅਨੁਸਾਰ ਟਰਮਜ਼ ਅਤੇ ਕੰਡੀਸ਼ਨਾਂ ਨੂੰ ਇਮਪਲੀਮੈਂਟ ਕੀਤਾ ਜਾਵੇ ।ਕੀ ਮਹਿਕਮੇਂ ਵਲੋਂ ਸਬੰਧਤ ਠੇਕੇਦਾਰ ਨੂੰ ਜੁਰਮਾਨਾ ਪਾਇਆ ਗਿਆ ਜਿਸ ਤੇ ਐਸ.ਈ. ਵਲੋਂ ਦੱਸਿਆ ਗਿਆ ਕਿ ਅੱਗੇ ਤੋਂ ਟੈਂਡਰ ਐਗਰੀਮੈਂਟ ਅਨੁਸਾਰ ਜੁਰਮਾਨਾ ਲਗਾਇਆ ਜਾਵੇਗਾ ।

ਸਹੀ/- ਜਗਦੀਸ਼ ਰਾਜ ਰਾਜਾ, ਮੇਅਰ
23.7.2018

ਸ੍ਰੀ ਸੁਸ਼ੀਲ ਕਾਲੀਆ, ਕੌਂਸਲਰ ਵਾਰਡ ਨੰ: 64 ਵਲੋਂ ਦਸਿਆ ਗਿਆ ਕਿ ਉਹਨਾਂ ਨੇ ਇਹ ਮੁੱਦਾ ਵੀ ਉਠਾਇਆ ਸੀ ਕਿ ਉਹਨਾਂ ਦੇ ਵਾਰਡ ਦੇ ਲਾਈਟ ਪੈਟਰੋਲਰ ਉਹਨਾਂ ਨੂੰ ਕਦੇ ਸੰਪਰਕ ਨਹੀਂ ਕਰਦੇ ਕਿ ਕਿੰਨੀਆਂ ਲਾਈਟਾਂ ਖ਼ਰਾਬ ਹਨ ਅਤੇ ਕਿੰਨੀਆਂ ਚਲਦੀਆਂ ਹਨ । ਉਹਨਾਂ ਨੂੰ ਤਿੰਨ ਸੀਵਰਮੈਨ ਨਹੀਂ ਮਿਲੇ। ਜਿਸ ਤੇ ਸਬੰਧਤ

ਕਾਰਜਕਾਰੀ ਇੰਜੀਨਿਅਰ ਨੇ ਕਿਹਾ ਸੀ ਕਿ ਉਹ ਖ਼ੁਦ ਉਹਨਾਂ ਪਾਸ ਆਉਣਗੇ ਅਤੇ ਮੌਕਾ ਵੇਖਣਗੇ ।ਜਿਸ ਤੇ ਮੇਅਰ ਜੀ ਨੇ ਪੁੱਛਿਆ ਤਾਂ ਸ੍ਰੀ ਗੁਰਚੈਨ ਸਿੰਘ, ਕਾਰਜਕਾਰੀ ਇੰਜੀਨਿਅਰ ਨੇ ਦੱਸਿਆ ਕਿ ਉਹਨਾਂ ਵਲੋਂ ਦੂਸਰੇ ਦਿਨ ਹੀ ਕੌਂਸਲਰ ਨੂੰ ਫੋਨ ਕੀਤਾ ਸੀ ਅਤੇ ਮਿਲਿਆ ਵੀ ਸੀ ਜਿਸ ਤੇ ਸ੍ਰੀ ਸੁਸ਼ੀਲ ਕਾਲੀਆ, ਕੌਂਸਲਰ ਨੇ ਕਿਹਾ ਕਿ ਹਾਂ ਆਏ ਤਾਂ ਸੀ ਪਰ ਲਾਈਟ ਪੈਟਰੋਲਰ ਨਹੀਂ ਆਏ ।

ਮੇਅਰ ਜੀ ਨੇ ਮੁੜ੍ਹ ਸ੍ਰੀ ਗੁਰਚੈਨ ਸਿੰਘ, ਕਾਰਜਕਾਰੀ ਇੰਜੀਨਿਅਰ ਨੂੰ ਕੌਂਸਲਰ ਨਾਲ ਮਿਲਣ ਦੀ ਹਦਾਇਤ ਕੀਤੀ ਅਤੇ ਕਿਹਾ ਕਿ ਸਾਰੇ ਅਧਿਕਾਰੀ ਮੀਟਿੰਗ ਦੀ ਪ੍ਰੋਸੀਡਿੰਗ ਧਿਆਨ ਨਾਲ ਪੜਿਆ ਕਰੋ । ਉਹਨਾਂ ਕਮਿਸ਼ਨਰ ਜੀ ਰਾਹੀਂ ਬੇਨਤੀ ਕੀਤੀ ਕਿ ਸਾਰੇ ਅਧਿਕਾਰੀ ਮੀਟਿੰਗ ਦੀ ਕਾਰਵਾਈ ਅਨੁਸਾਰ ਅਮਲ ਕਰਨਾ ਜ਼ਰੂਰੀ ਸਮਝਣ ।

ਸ੍ਰੀਮਤੀ ਜ਼ਸਲੀਨ ਸੇਠੀ, ਕੌਂਸਲਰ ਵਾਰਡ ਨੰ: 20 ਵਲੋਂ ਦੱਸਿਆ ਗਿਆ ਕਿ ਪਿਛਲੀ ਮੀਟਿੰਗ ਵਿੱਚ ਮੈਂ ਕਿਹਾ ਸੀ ਕਿ ਮੇਰਾ ਵਾਰਡ ਤਿੰਨ ਜ਼ੋਨਾਂ ਵਿੱਚ ਪੈਂਦਾ ਹੈ ਅਤੇ ਵਾਰ ਵਾਰ ਐਸ.ਡੀ.ਓ. ਅਤੇ ਜੇ.ਈ. ਨੂੰ ਕਹਿਣ ਤੇ ਵੀ ਸ਼ਿਕਾਇਤਾਂ ਦੂਰ ਨਹੀਂ ਹੁੰਦੀਆਂ, ਇਸ ਲਈ ਕਿਸੇ ਇੱਕ ਜ਼ੋਨ ਦੇ ਅੰਦਰ ਇਸ ਵਾਰਡ ਨੂੰ ਲਿਆ ਜਾਵੇ । ਉਹਨਾਂ ਅੱਗੇ ਕਿਹਾ ਕਿ ਅਬਾਦਪੁਰਾ-ਲਿੰਕ ਰੋਡ ਤੇ ਡਾ: ਅਮਰਜੀਤ ਰਾਏ ਦੀ ਸੀਵਰੇਜ਼ ਦੀ ਸ਼ਿਕਾਇਤ ਸਬੰਧੀ ਐਸ.ਡੀ.ਓ ਸੌਰਭ ਅਤੇ ਜੇ.ਈ. ਸੁਭਮ ਨੂੰ ਕਾਰਣ ਦੱਸੋ ਨੋਟਿਸ ਦੇਣ ਦਾ ਫੈਸਲਾ ਕੀਤਾ ਗਿਆ ਸੀ ।

ਮੇਅਰ ਜੀ ਨੇ ਸ੍ਰੀ ਬਲਜੀਤ ਸਿੰਘ, ਕਾਰਜਕਾਰੀ ਇੰਜੀਨਿਅਰ ਨੂੰ ਇਸ ਸਬੰਧੀ ਪੁੱਛਿਆ ਤਾਂ ਉਹਨਾਂ ਵਲੋਂ ਦੱਸਿਆ ਗਿਆ ਕਿ ਅੱਜ ਹੀ ਇਸ ਸਬੰਧੀ ਕਾਗਜ਼ ਉਹਨਾਂ ਨੂੰ ਦਫ਼ਤਰ ਵਲੋਂ ਪ੍ਰਾਪਤ ਹੋਏ ਹਨ ।

ਮੇਅਰ ਜੀ ਨੇ ਉਹਨਾਂ ਨੂੰ ਕਿਹਾ ਕਿ ਪਰੋਸੀਡਿੰਗ ਅਨੁਸਾਰ ਕਾਰਣ ਦਸੋ ਨੋਟਿਸ ਇਹਨਾਂ ਕਰਮਚਾਰੀਆਂ ਨੂੰ ਦਿੱਤੇ ਨਹੀਂ ਗਏ, ਇੰਝ ਕਰੋ ਤੁਸੀਂ ਹਾਊਸ ਆਪ ਹੀ ਚਲਾ ਲਵੋ ਕਿਉਂ ਕਿ ਤੁਹਾਨੂੰ ਕੌਂਸਲਰਾਂ ਵਲੋਂ ਉਠਾਏ ਜਾਂਦੇ ਮੁੱਦਿਆਂ ਸਬੰਧੀ ਕੋਈ ਪਰਵਾਹ ਨਹੀਂ ਹੈ । ਲੋਕ ਗੰਦਾ ਪਾਣੀ ਪੀ ਕੇ ਮਰ ਰਹੇ ਹਨ । ਮੀਟਿੰਗਾਂ ਤੋਂ ਬਾਅਦ ਵੀ ਕੋਈ ਕਾਰਵਾਈ ਨਹੀਂ ਹੁੰਦੀ ।ਮੇਅਰ ਜੀ ਨੇ ਸਬੰਧਤ ਅਧਿਕਾਰੀਆਂ ਨੂੰ ਮੁੜ੍ਹ ਇੱਕ ਮੋਕਾ ਦਿੰਦੇ ਹੋਏ ਕਿਹਾ ਕਿ ਇਸ ਤੋਂ ਬਾਅਦ ਹਾਊਸ ਵਲੋਂ ਲਏ ਜਾਂਦੇ ਫੈਸਲਿਆਂ ਤੇ ਜੇਕਰ ਕੋਈ ਅਧਿਕਾਰੀ ਕਾਰਵਾਈ ਨਹੀਂ ਕਰਦਾ ਤਾਂ ਉਸ ਖ਼ਿਲਾਫ ਸਖ਼ਤ ਐਕਸ਼ਨ ਲਿਆ ਜਾਵੇਗਾ ।

ਸ੍ਰੀ ਸੁਸ਼ੀਲ ਕੁਮਾਰ, ਕੌਂਸਲਰ, ਵਾਰਡ ਨੰ: 2 ਵਲੋਂ ਦੱਸਿਆ ਗਿਆ ਕਿ ਓਹਨਾਂ ਨੇ ਪਿਛਲੀ ਮੀਟਿੰਗ ਵਿੱਚ ਇਹ ਮੁੱਦਾ ਉਠਾਇਆ ਸੀ ਕਿ ਉਹ ਪੈਚ ਵਰਕ ਲਗਵਾ ਦਿਓ ਪਰ ਕੋਈ ਕਾਰਵਾਈ ਨਹੀਂ ਹੋਈ ।

ਮੇਅਰ ਜੀ ਨੇ ਸ੍ਰੀ ਜ਼ੋਗਿੰਦਰ ਸਿੰਘ, ਕਾਰਜਕਾਰੀ ਇੰਜੀਨਿਅਰ ਨੂੰ ਹਦਾਇਤ ਕੀਤੀ ਕਿ ਸਬੰਧਤ ਕੌਂਸਲਰ ਨੂੰ ਮਿਲ ਕੇ ਪੈਚ ਵਰਕ ਕਰਵਾ ਦਿੱਤਾ ਜਾਵੇ ।

ਮੇਅਰ ਜੀ ਨੇ ਕਿਹਾ ਕਿ ਮੈਂ 80 ਕੌਂਸਲਰਾਂ ਦਾ ਕੰਮ ਕਰ ਰਿਹਾ ਹਾਂ । ਇਹਨਾਂ ਨੂੰ ਪਤਾ ਲੱਗੇ ਕਿ ਪਿਛਲੇ 27 ਸਾਲਾਂ ਦਾ ਕੀ ਰਿਵਾਜ਼ ਹੈ । ਪਹਿਲਾਂ ਇਹ ਪਰਮਪਰਾ ਨਹੀਂ ਸੀ ਜਿਹੜੀ ਕਿ ਹੁਣ ਸ਼ੁਰੂ ਹੋਈ ਹੈ ।

ਸ੍ਰੀ ਪਰਭਦਿਆਲ, ਕੌਂਸਲਰ ਵਾਰਡ ਨੰ: 22 ਵਲੋਂ ਕਿਹਾ ਗਿਆ ਕਿ ਸੀਵਰੇਜ਼ ਦੀ ਗਾਰ ਨਹੀਂ ਕੱਢੀ ਜਾ ਰਹੀ ਜਿਸ ਤੇ ਸ੍ਰੀ ਬਲਜੀਤ ਸਿੰਘ, ਕਾਰਜਕਾਰੀ ਇੰਜੀਨਿਅਰ ਵਲੋਂ ਕਿਹਾ ਗਿਆ ਕਿ ਤੁਹਾਡੇ ਨਾਲ ਗੱਲ ਹੋ ਗਈ ਹੈ ਜਲਦ ਕੰਮ ਸ਼ੁਰੂ ਕਰਵਾ ਦਿੱਤਾ ਜਾਵੇਗਾ ।

ਸਹੀ/- ਜਗਦੀਸ਼ ਰਾਜ ਰਾਜਾ, ਮੇਅਰ
23.7.2018

ਸ੍ਰੀ ਪਰਭਦਿਆਲ, ਕੌਂਸਲਰ ਵਾਰਡ ਨੰ: 22 ਵਲੋਂ ਕਿਹਾ ਗਿਆ ਕਿ ਅਸਟੇਟ ਅਫਸਰ ਜਿਨ੍ਹਾਂ ਨੂੰ ਮੈਂ ਜਾਣਦਾ ਵੀ ਨਹੀਂ ਉਹਨਾਂ ਦਾ ਮੈਨੂੰ ਪਿਛਲੀ ਮੀਟਿੰਗ ਤੋਂ ਦੂਜੇ ਦਿਨ ਹੀ ਫੋਨ ਆ ਗਿਆ ਸੀ ਅਤੇ ਉਹਨਾਂ ਨੇ

ਪਟਵਾਰੀ ਨੂੰ ਭੇਜਿਆ ਸੀ ਅਤੇ ਕੰਮ ਵੀ ਹੋ ਗਿਆ । ਉਹਨਾਂ ਇਹ ਵੀ ਕਿਹਾ ਕਿ ਸ੍ਰੀਮਤੀ ਸੁਸ਼ਮਾ ਦੁੱਗਲ, ਬਿਲਡਿੰਗ ਇੰਸਪੈਕਟਰ ਸਬੰਧੀ ਮੈਂ ਪੁੱਛਿਆ ਸੀ ਤਾਂ ਮੈਨੂੰ ਜਵਾਬ ਨਹੀਂ ਮਿਲਿਆ । ਇਸ ਤੋਂ ਇਲਾਵਾ ਉਹਨਾਂ ਦੇ ਇਲਾਕੇ ਵਿੱਚ ਤਿੰਨ-ਤਿੰਨ ਮੰਜਲਾਂ ਬਿਲਡਿੰਗਾਂ ਬਣ ਰਹੀਆਂ ਹਨ । ਜਿਸ ਤੇ ਮੇਅਰ ਜੀ ਨੇ ਉਹਨਾਂ ਨੂੰ ਦੱਸਿਆ ਕਿ ਜਿਵੇਂ ਕਿ ਮੈਂ ਪਹਿਲਾਂ ਦੱਸ ਚੁੱਕਾ ਹਾਂ ਕਿ ਬਿਲਡਿੰਗ ਸ਼ਾਖਾ ਵਿੱਚ ਸਟਾਫ ਦੀ ਕਮੀ ਹੈ ਅਤੇ ਸਬੰਧਤ ਬਿਲਡਿੰਗ ਇੰਸਪੈਕਟਰ ਦੇ ਖਿਲਾਫ ਕਾਰਵਾਈ ਜਾਰੀ ਹੈ ।

ਸ੍ਰੀ ਲਖਵੀਰ ਸਿੰਘ, ਏ.ਟੀ.ਪੀ. ਵਲੋਂ ਦੱਸਿਆ ਗਿਆ ਕਿ ਜਿਹੜੀਆਂ ਬਿਲਡਿੰਗਾਂ ਦੀ ਗੱਲ ਹੋਈ ਹੈ, ਨੂੰ ਬੰਦ ਕਰਵਾ ਦਿੱਤਾ ਗਿਆ ਹੈ ।

ਮੇਅਰ ਜੀ ਨੇ ਸ੍ਰੀ ਪਰਭਦਿਆਲ, ਕੋਂਸਲਰ ਵਾਰਡ ਨੰ: 22 ਨੂੰ ਪੁੱਛਿਆ ਕਿ ਇਹ ਓਹੀ ਬਿਲਡਿੰਗਾਂ ਹਨ ਜਿਹਨਾਂ ਦਾ ਬੈਕਡੋਰ ਤੋਂ ਕੰਮ ਚਲ ਰਿਹਾ ਹੈ ।ਮੇਅਰ ਜੀ ਨੇ ਏ.ਟੀ.ਪੀ. ਨੂੰ ਤੁਰੰਤ ਕਾਰਵਾਈ ਕਰਨ ਦੀ ਹਦਾਇਤ ਕੀਤੀ ।

ਸ੍ਰੀ ਲਖਵੀਰ ਸਿੰਘ, ਏ.ਟੀ.ਪੀ. ਵਲੋਂ ਕਿਹਾ ਗਿਆ ਕਿ ਸਾਰੇ ਵਾਰਡਾਂ ਦਾ ਸਰਵੇ ਕਰਵਾ ਕੇ ਕਾਰਵਾਈ ਕਰਵਾਈ ਜਾਵੇਗੀ ।

ਸ੍ਰੀ ਰਜਿੰਦਰ ਕੁਮਾਰ ਜੁਨੇਜਾ, ਕੋਂਸਲਰ ਵਾਰਡ ਨੰ: 24 ਵਲੋਂ ਦੱਸਿਆ ਗਿਆ ਕਿ ਪਿਛਲੀ ਮੀਟਿੰਗ ਵਿੱਚ ਇਹ ਮੁੱਦਾ ਉਠਾਇਆ ਸੀ ਕਿ ਉਹਨਾਂ ਦਾ ਵਾਰਡ, ਸ੍ਰੀਮਤੀ ਨੀਰਜਾ ਜੈਨ ਅਤੇ ਸ੍ਰੀ ਪਰਭਦਿਆਲ ਭਗਤ, ਕੋਂਸਲਰ ਦਾ ਵਾਰਡ ਨਾਲ ਨਾਲ ਹੈ ਅਤੇ ਉਹ ਮੰਗ ਕਰਦੇ ਹਨ ਕਿ ਜਿਹੜੇ ਇਹਨਾਂ ਵਾਰਡਾਂ ਵਿੱਚ ਤਿੰਨ-ਤਿੰਨ ਸੀਵਰਮੈਨ ਹਨ, ਦੀ ਇੱਕ ਇੱਕਠੀ 9 ਸੀਵਰਮੈਨਾਂ ਦੀ ਟੀਮ ਬਨਾ ਦਿੱਤੀ ਜਾਵੇ ਤਾਂ ਜ਼ੋ ਸ਼ਿਕਾਇਤਾਂ ਦਾ ਸਮੇਂ ਸਿਰ ਹਲ ਹੋ ਸਕੇ ਪਰ ਇਹ ਟੀਮ ਨਹੀਂ ਬਣੀ।ਜਿਸ ਤੇ ਸ੍ਰੀ ਬਲਜੀਤ ਸਿੰਘ, ਕਾਰਜਕਾਰੀ ਇੰਜੀਨਿਅਰ ਨੇ ਦੱਸਿਆ ਕਿ ਮੀਟਿੰਗ ਤੋਂ ਦੂਜੇ ਦਿਨ ਹੀ ਟੀਮ ਭੇਜ਼ ਦਿੱਤੀ ਸੀ । ਜਿਸ ਤੇ ਸ੍ਰੀ ਪਰਭਦਿਆਲ, ਕੋਂਸਲਰ ਨੇ ਕਿਹਾ ਕਿ ਪ੍ਰਧਾਨ ਕਹਿੰਦੇ ਹਨ ਕਿ 9 ਬੰਦੇ ਹੈ ਹੀ ਨਹੀਂ ।

ਇਸ ਤੇ ਮੇਅਰ ਜੀ ਨੇ ਕਮਿਸ਼ਨਰ ਜੀ ਕਿਹਾ ਕਿ ਤੁਸੀਂ ਦੇਖੋ ਕਿ ਅਧਿਕਾਰੀ ਝੂਠ ਨਾ ਬੋਲਣ ।

ਸ੍ਰੀਮਤੀ ਨੀਰਜਾ ਜੈਨ, ਕੋਂਸਲਰ ਵਾਰਡ ਨੰ: 23 ਵਲੋਂ ਦੱਸਿਆ ਗਿਆ ਕਿ ਉਹਨਾਂ ਨੇ ਪਿਛਲੀ ਮੀਟਿੰਗ ਵਿੱਚ ਇਹ ਮੁੱਦਾ ਉਠਾਇਆ ਸੀ ਕਿ ਜਨਮ ਅਤੇ ਮੋਤ ਸਬੰਧੀ ਜਿਹੜੇ ਕਰਮਚਾਰੀ ਵਿਭਾਗ ਵਿੱਚ ਹਨ ਸਭ ਪਾਸ ਕੰਪਿਊਟਰ ਅਤੇ ਪ੍ਰਿੰਟਰ ਹੈ ਪ੍ਰੰਤੂ ਮਾਡਲ ਟਾਊਨ ਏਰੀਏ ਦੇ ਅਧਿਕਾਰੀ ਸ੍ਰੀ ਕਮਲਰੂਪ ਪਾਸ ਕੋਈ ਕੰਪਿਊਟਰ ਅਤੇ ਪ੍ਰਿੰਟਰ ਨਹੀਂ ਹੈ ਜਿਸ ਕਰਕੇ ਉਸ ਨੂੰ ਸਾਰਾ ਕੰਮ ਹੱਥੀ ਲਿਖਣਾ ਪੈਂਦਾ ਹੈ ਅਤੇ ਜਿਸ ਨਾਲ ਬਹੁਤ ਦਿਨ ਲੱਗ ਜਾਂਦੇ ਹਨ ।ਇਸ ਸਬੰਧੀ ਮੇਅਰ ਜੀ ਨੇ ਡਾ:ਮਧੂ ਭਾਰਦਵਾਜ, ਏ.ਐਚ.ਓ. ਨੂੰ ਲੋੜੀਂਦੀ ਕਾਰਵਾਈ ਕਰਨ ਲਈ ਕਿਹਾ ਸੀ ਅਤੇ ਉਹਨਾਂ ਨੇ ਉਸ ਕਰਮਚਾਰੀ ਨੂੰ ਕੰਪਿਊਟਰ ਦੇ ਦਿੱਤਾ ਹੈ ਜਿਸ ਲਈ ਮੈਂ ਧੰਨਵਾਦੀ ਹਾਂ । ਉਹਨਾਂ ਕਿਹਾ ਕਿ ਉਹਨਾਂ ਵਲੋਂ ਇਹ ਵੀ ਮੁੱਦਾ ਉਠਾਇਆ ਗਿਆ ਸੀ ਕਿ ਅਰਬਨ ਅਸਟੇਟ ਫੇਸ-1 ਦੇ ਪੈਟਰੋਲ ਪੰਪ ਦੇ ਬਾਹਰ ਬਜਰੀ, ਰੇਤਾ ਆਦਿ ਵਾਲਿਆਂ ਨੇ ਸਾਰੀ ਸੜਕ ਤੇ ਕਬਜਾ ਕੀਤਾ ਹੋਇਆ ਹੈ, ਨੂੰ ਹਟਾਇਆ ਜਾਵੇ ਅਤੇ ਇਸ ਸਬੰਧੀ ਤਹਿਬਜ਼ਾਰੀ ਸ਼ਾਖਾ ਵਲੋਂ ਕਿਹਾ ਗਿਆ ਕਿ ਡਿੱਚ ਮਸ਼ੀਨ ਨਹੀਂ ਹੈ। ਇਸ ਤੇ ਮੇਅਰ ਜੀ ਨੇ ਸੁਪਰਡੰਟ ਤਹਿਬਜ਼ਾਰੀ ਨੂੰ ਪੁੱਛਿਆ ਤਾਂ ਉਸ ਵਲੋਂ ਦੱਸਿਆ ਗਿਆ ਕਿ ਉਹਨਾਂ ਵਲੋਂ ਚਾਰ ਵਾਰ ਕਾਰਵਾਈ ਕੀਤੀ ਗਈ ਹੈ ਅਤੇ 11 ਜੁਲਾਈ ਨੂੰ ਚਲਾਨ ਵੀ ਕੀਤਾ ਗਿਆ ਹੈ ।

ਸਹੀ/- ਜਗਦੀਸ਼ ਰਾਜ ਰਾਜਾ, ਮੇਅਰ
23.7.2018

ਸ੍ਰੀਮਤੀ ਜ਼ਸਲੀਨ ਸੇਠੀ, ਕੋਂਸਲਰ ਵਾਰਡ ਨੰ: 20 ਵਲੋਂ ਕਿਹਾ ਗਿਆ ਬੀ.ਐਮ.ਸੀ. ਚੋਂਕ ਤੋਂ ਨਾਮਦੇਵ ਚੋਂਕ ਤੱਕ ਦੋਵੇਂ ਪਾਸੇ ਕਾਰ ਬਜ਼ਾਰ ਲੱਗਦੇ ਹਨ, ਕੀ ਉਹਨਾਂ ਤੋਂ ਕੋਈ ਵਸੂਲੀ ਕੀਤੀ ਜਾ ਰਹੀ ਹੈ । ਜਿਸ ਤੇ ਸੁਪਰਡੰਟ ਤਹਿਬਜ਼ਾਰੀ ਵਲੋਂ ਦੱਸਿਆ ਗਿਆ ਕਿ ਜਿਹੜੇ ਤਾਂ ਟੈਕਸੀ ਸਟੈਂਡ ਹਨ ਉਹਨਾਂ ਪਾਸੋਂ 3000/- ਪ੍ਰਤੀ ਟੈਕਸੀ ਸਟੈਂਡ ਪ੍ਰਤੀ ਮਹੀਨਾ ਰਾਜ਼ੀਨਾਮਾ ਫੀਸ ਵਸੂਲੀ ਜਾ ਰਹੀ ਹੈ ਅਤੇ ਜੇਕਰ ਕਾਰ ਬਜ਼ਾਰ ਵਾਲਿਆਂ ਦੀ ਪਰਚੀ ਕਟਾਂਗੇ ਤਾਂ ਫਿਰ ਉਹਨਾਂ ਨੂੰ ਚੁੱਕਿਆ ਨਹੀਂ ਜਾ ਸਕਦਾ ।ਜਿਸ ਤੇ ਮੇਅਰ ਜੀ ਨੇ ਉਹਨਾਂ ਨੂੰ ਕਿਹਾ ਕਿ ਤੁਸੀਂ

ਰਾਜ਼ੀਨਾਮਾ ਫੀਸ ਲੈ ਰਹੇ ਹੋ ਨਾ ਕਿ ਤਹਿਬਜ਼ਾਰੀ ਫੀਸ । ਫਿਰ ਚੁੱਕ ਕਿਉਂ ਨਹੀਂ ਸਕਦੇ । ਇਹਨਾਂ ਦੇ ਚਲਾਨ ਕੀਤੇ ਜਾਣ ਅਤੇ ਰਾਜ਼ੀਨਾਮਾ ਫੀਸ ਉਗਰਾਹੀ ਜਾਵੇ।

ਸ੍ਰੀਮਤੀ ਉਮਾ ਬੇਰੀ, ਕੌਂਸਲਰ ਵਾਰਡ ਨੰ: 19 ਵਲੋਂ ਕਿਹਾ ਗਿਆ ਸੀ ਕਿ ਉਹਨਾ ਵਲੋਂ ਪਿਛਲੀ ਮੀਟਿੰਗ ਵਿੱਚ ਇਹ ਮੁੱਦਾ ਉਠਾਇਆ ਗਿਆ ਸੀ ਕਿ ਉਹਨਾਂ ਵਲੋਂ ਮਾਸਟਰ ਤਾਰਾ ਸਿੰਘ ਨਗਰ ਵਿਖੇ ਬੰਦ ਪਈਆਂ ਸਟਰੀਟ ਲਾਈਟਾਂ ਸਬੰਧੀ ਪਹਿਲਾਂ ਮਿਤੀ 8.3.18 ਨੂੰ ਸ਼ਿਕਾਇਤ ਨੰਬਰ 25 ਰਸੀਟ ਕਰਵਾਈ ਗਈ । ਫਿਰ ਮਿਤੀ 11.4.2018 ਨੂੰ ਸ਼ਿਕਾਇਤ ਨੰਬਰ 47 ਅਤੇ ਫਿਰ ਮਿਤੀ 8.6.2018 ਨੂੰ ਤਿੰਨ ਵਾਰ ਸ਼ਿਕਾਇਤਾਂ ਦਰਜ ਕਰਵਾਈਆਂ ਗਈਆਂ ਪਰ ਕਿਸੇ ਤੇ ਕੋਈ ਕਾਰਵਾਈ ਨਹੀਂ ਹੋਈ । ਇੱਥੋਂ ਤੱਕ ਕਿ ਸੀ.ਆਈ.ਡੀ. ਦਫ਼ਤਰ ਦੇ ਬਾਹਰ ਵੀ 3-4 ਪੁਆਇੰਟ ਬੰਦ ਪਏ ਹਨ ।ਉਹਨਾਂ ਮੰਗ ਕੀਤੀ ਸੀ ਕਿ ਨਿਯਮਾਂ ਅਨੁਸਾਰ ਇਹਨਾਂ ਸ਼ਿਕਾਇਤਾਂ ਨੂੰ ਠੀਕ ਨਾ ਕਰਵਾਉਣ ਲਈ ਸਬੰਧਤ ਠੇਕੇਦਾਰ ਨੂੰ ਜੁਰਮਾਨਾ ਲਗਾਇਆ ਜਾਵੇ।ਜਿਸ ਤੇ ਮੇਅਰ ਜੀ ਨੇ ਐਸ.ਈ.(ਲਾਈਟ) ਨੂੰ ਇਹਨਾਂ ਸ਼ਿਕਾਇਤਾਂ ਦੀ ਕਾਪੀ ਦੇ ਕੇ ਬਣਦਾ ਜੁਰਮਾਨਾ ਲਗਾਉਣ ਲਈ ਹਦਾਇਤ ਕੀਤੀ ਸੀ।

ਮੇਅਰ ਜੀ ਨੇ ਐਸ.ਈ. (ਲਾਈਟ) ਨੂੰ ਪੁੱਛਿਆ ਕਿ ਕੀ ਤੁਸੀਂ ਜੁਰਮਾਨਾ ਕੈਲਕੁਲੇਟ ਕਰ ਲਿਆ ਹੈ ਤਾਂ ਐਸ.ਈ. ਵਲੋਂ ਦੱਸਿਆ ਗਿਆ ਕਿ ਜੀ ਹਾਂ ਕੈਲਕੁਲੇਟ ਕਰ ਲਿਆ ਗਿਆ ਹੈ ਜਿਸ ਤੇ ਮੇਅਰ ਜੀ ਨੇ ਉਸਦੀ ਕਾਪੀ ਸ੍ਰੀਮਤੀ ਉਮਾ ਬੇਰੀ, ਕੌਂਸਲਰ ਨੂੰ ਦੇਣ ਲਈ ਹਦਾਇਤ ਕੀਤੀ ।

ਸ੍ਰੀਮਤੀ ਉਮਾ ਬੇਰੀ, ਕੌਂਸਲਰ ਵਾਰਡ ਨੰ: 19 ਵਲੋਂ ਦੱਸਿਆ ਗਿਆ ਕਿ ਉਹਨਾਂ ਵਲੋਂ ਇਹ ਮੁੱਦਾ ਵੀ ਉਠਾਇਆ ਗਿਆ ਸੀ ਕਿ ਗਰਮੀ ਦਾ ਮੌਸਮ ਹੈ ਅਤੇ ਪਾਣੀ ਦੀ ਮੰਗ ਨੂੰ ਮੁੱਖ ਰਖਦੇ ਹੋਏ ਬਿਜਲੀ ਬੋਰਡ ਨਾਲ ਤਾਲਮੇਲ ਕੀਤਾ ਜਾਵੇ ਕਿਉਂ ਜ਼ੋ ਜਦ ਟਿਊਬਵੈਲ ਚਲਾਉਣ ਦਾ ਸ਼ਡਿਊਲ ਹੁੰਦਾ ਹੈ ਤਾਂ ਬਿਜਲੀ ਨਹੀਂ ਹੁੰਦੀ ਅਤੇ ਜਦ ਬਿਜਲੀ ਹੁੰਦੀ ਹੈ ਤਾਂ ਟਿਊਬਵੈਲ ਨਹੀਂ ਚਲਦੇ । ਜਿਸ ਤੇ ਮੇਅਰ ਜੀ ਨੇ ਕਮਿਸ਼ਨਰ ਜੀ ਨੂੰ ਇਹ ਮਾਮਲਾ ਬਿਜਲੀ ਬੋਰਡ ਨਾਲ ਉਠਾਉਣ ਲਈ ਕਿਹਾ ਸੀ ਤਾਂ ਕਮਿਸ਼ਨਰ ਜੀ ਨੇ ਇਸ ਸਬੰਧੀ ਬਿਜਲੀ ਬੋਰਡ ਨੂੰ ਪੱਤਰ ਲਿਖਣ ਦਾ ਆਸ਼ਵਾਸਨ ਦਿੱਤਾ ਸੀ।

ਸ੍ਰੀ ਸਤਿੰਦਰ ਕੁਮਾਰ, ਕਾਰਜਕਾਰੀ ਇੰਜੀਨਿਅਰ ਵਲੋਂ ਦੱਸਿਆ ਗਿਆ ਕਿ ਟੈਲੀਫੋਨ ਤੇ ਬਿਜਲੀ ਬੋਰਡ ਦੇ ਅਧਿਕਾਰੀਆਂ ਨਾਲ ਗੱਲ ਹੋਈ ਸੀ ਅਤੇ ਉਹਨਾਂ ਵਲੋਂ ਦੱਸਿਆ ਗਿਆ ਸੀ ਕਿ ਟਿਊਬਵੈਲਾਂ ਦੇ ਚਲਣ ਦੇ ਸ਼ਡਿਊਲ ਵੇਲੇ ਉਹਨਾਂ ਵਲੋਂ ਕੋਈ ਕੱਟ ਨਹੀਂ ਲਗਾਇਆ ਜਾਂਦਾ ਪਰ ਜੇਕਰ ਪਿਛੋ  ਕੱਟ ਲੱਗਦਾ ਹੈ ਤਾਂ ਉਸ ਵਾਸਤੇ ਔਕੜ ਆ ਸਕਦੀ ਹੈ। ਮੇਅਰ ਜੀ ਨੇ ਇਸ ਤੇ ਉਹਨਾਂ ਨੂੰ ਮੁੜ੍ਹ ਪੁੱਛਿਆ ਕਿ ਕੀ ਬਿਜਲੀ ਵਿਭਾਗ ਨੂੰ ਪੱਤਰ ਲਿਖਿਆ ਗਿਆ ਤਾਂ ਉਹਨਾਂ ਵਲੋਂ ਦੱਸਿਆ ਗਿਆ ਕਿ ਪੱਤਰ ਨਹੀਂ ਲਿਖਿਆ ਗਿਆ ।

ਸ੍ਰੀ ਓਮਕਾਰ ਰਾਜੀਵ ਟਿੱਕਾ, ਕੌਂਸਲਰ ਵਾਰਡ ਨੰ: 38 ਵਲੋਂ ਕਿਹਾ ਗਿਆ ਕਿ ਉਹਨਾਂ ਵਲੋਂ ਪਿਛਲੀ ਮੀਟਿੰਗ ਵਿੱਚ ਇਹ ਮੁੱਦਾ ਉਠਾਇਆ ਗਿਆ ਸੀ ਕਿ ਸ੍ਰੀ ਨਿਰਮਲ ਵਰਮਾ, ਬਿਲਡਿੰਗ ਇੰਸਪੈਕਟਰ ਮਾਡਲ ਹਾਊਸ ਵਿਖੇ ਇੱਕ ਬਿਲਡਿੰਗ ਤੋਂ 50,000/- ਰੁਪਏ ਲੈ ਕੇ ਬਿਲਡਿੰਗ ਬਣਵਾ ਰਿਹਾ ਹੈ, ਉਸ ਦੇ ਖਿਲਾਫ ਕਾਰਵਾਈ ਕੀਤੀ ਜਾਵੇ ।ਜਿਸ ਤੇ ਮੇਅਰ ਜੀ ਵਲੋਂ ਸਮੂਹ ਹਾਊਸ ਦੀ ਰਾਏ ਤੇ ਸ੍ਰੀ ਨਿਰਮਲ ਵਰਮਾ, ਬਿਲਡਿੰਗ ਇੰਸਪੈਕਟਰ ਨੂੰ ਚਾਰਜਸ਼ੀਟ ਕਰਨ ਦੇ ਹੁਕਮ ਦਿੱਤੇ ਸਨ।ਦੱਸਿਆ ਜਾਵੇ ਕਿ ਕੀ ਉਸਨੂੰ ਚਾਰਜਸ਼ੀਟ ਜਾਰੀ ਕਰ ਦਿੱਤੀ ਗਈ ਹੈ ।

ਇਸ ਤੇ ਸ੍ਰੀ ਲਖਵੀਰ ਸਿੰਘ, ਏ.ਟੀ.ਪੀ. ਵਲੋਂ ਦੱਸਿਆ ਗਿਆ ਕਿ ਉਹਨਾਂ ਨੂੰ ਇਸ ਬਾਰੇ ਨਹੀਂ ਪਤਾ ਜਿਸ ਤੇ ਸ੍ਰੀ ਜਗਦੀਸ਼ ਕੁਮਾਰ ਦਕੋਹਾ, ਕੌਂਸਲਰ ਵਲੋਂ ਕਿਹਾ ਗਿਆ ਕਿ ਹਰੇਕ ਐਚ.ਓ.ਡੀ. ਦਾ ਮੀਟਿੰਗ ਵਿੱਚ ਹਾਜ਼ਰ ਹੋਣਾ ਜ਼ਰੂਰੀ ਕੀਤਾ ਜਾਵੇ ਜਿਸ ਤੇ ਮੇਅਰ ਜੀ ਨੇ ਹਦਾਇਤ ਕੀਤੀ ਕਿ ਨਗਰ ਨਿਗਮ ਦੇ ਸਾਰੇ ਅਧਿਕਾਰੀ ਅਤੇ ਕਰਮਚਾਰੀ ਮੀਟਿੰਗ ਵਾਲੇ ਦਿਨ ਦਫ਼ਤਰ ਵਿੱਚ ਹਾਜ਼ਰ ਰਹਿਣ, ਇਸ ਸਬੰਧੀ ਕਮਿਸ਼ਨਰ ਜੀ ਸੁਨਿਸ਼ਚਿਤ ਕਰਨਗੇ ।ਜਿੱਥੋਂ ਤੱਕ ਚਾਰਜਸ਼ੀਟ ਜਾਰੀ ਕਰਨ ਦੀ ਗੱਲ ਹੈ, ਮੇਅਰ ਜੀ ਨੇ ਕਿਹਾ ਕਿ ਉਹ ਕਮਿਸ਼ਨਰ ਜੀ ਨਾਲ ਬੈਠ ਕੇ ਇਸ ਸਬੰਧੀ ਕਾਰਵਾਈ ਕਰਵਾ ਲੈਣਗੇ ।

ਸਹੀ/- ਜਗਦੀਸ਼ ਰਾਜ ਰਾਜਾ, ਮੇਅਰ
23.7.2018

ਸ੍ਰੀਮਤੀ ਚੰਦਰਜੀਤ ਕੌਰ ਸੰਧਾ, ਕੌਂਸਲਰ ਵਾਰਡ ਨੰ: 73 ਵਲੋਂ ਦੱਸਿਆ ਗਿਆ ਕਿ ਉਹਨਾਂ ਵਲੋਂ ਪਿਛਲੀ ਮੀਟਿੰਗ ਵਿੱਚ ਇਹ ਮੁੱਦਾ ਉਠਾਇਆ ਗਿਆ ਸੀ ਕਿ ਕੱਚਾ ਕੋਟ ਇਲਾਕੇ ਦਾ ਸੀਵਰੇਜ਼ ਉੱਚਾ ਹੈ ਨੂੰ ਠੀਕ ਕਰਵਾਇਆ ਜਾਵੇ । ਕੱਚਾ ਕੋਟ ਵਿਖੇ ਇੱਕ ਟੈਂਕੀ ਹੈ ਜਿਸ ਦੇ ਬਲਾਕ ਗਿਰ ਰਹੇ ਹਨ ਅਤੇ ਕੋਈ ਵੀ ਹਾਦਸਾ ਹੋ ਸਕਦਾ ਹੈ, ਨੂੰ ਗਿਰਾਇਆ ਜਾਵੇ। ਉਹਨਾਂ ਇਹ ਵੀ ਮੰਗ ਕੀਤੀ ਕਿ ਟੈਂਕੀ ਵਾਲੇ ਪਾਰਕ ਦਾ ਨਾਂ ਭਗਵਾਨ ਵਾਲਮੀਕਿ ਚਿਲਡਰਨ ਪਾਰਕ ਰੱਖਿਆ ਜਾਵੇ । ਪਰ ਕੋਈ ਕਾਰਵਾਈ ਨਹੀਂ ਹੋਈ । ਮੈਂ ਲਿਖ ਕੇ ਵੀ ਦੇ ਚੁੱਕੀ ਹਾਂ ।

ਸ੍ਰੀ ਸਤਿੰਦਰ ਕੁਮਾਰ, ਕਾਰਜਕਾਰੀ ਇੰਜੀਨਿਅਰ ਵਲੋਂ ਦੱਸਿਆ ਗਿਆ ਕਿ ਟੈਂਕੀ ਦੀ ਸਟਰੈਂਥ ਜੀ.ਐਨ.ਏ. ਪਾਸੋਂ ਚੈਕ ਕਰਵਾ ਲਈ ਗਈ ਹੈ ਅਤੇ ਰਿਪੋਰਟ ਆ ਗਈ ਹੈ । ਉਸੇ ਅਨੁਸਾਰ ਅਗਲੀ ਕਾਰਵਾਈ ਅਰੰਭੀ ਜਾਵੇਗੀ ।

ਸ੍ਰੀਮਤੀ ਜ਼ਸਪਾਲ ਕੋਰ ਭਾਟੀਆ, ਕੌਂਸਲਰ ਵਾਰਡ ਨੰ: 45 ਵਲੋਂ ਕਿਹਾ ਗਿਆ ਕਿ ਉਹ ਪਿਛਲੀ ਮੀਟਿੰਗਾਂ ਵਿੱਚ ਕਹਿ ਚੁੱਕੇ ਹਨ ਕਿ 120 ਫੁੱਟੀ ਰੋਡ ਤੇ ਡੰਪ ਦਾ ਬਹੁਤ ਮਾੜਾ ਹਾਲ ਹੈ, ਉਸ ਨੂੰ ਠੀਕ ਕਰਵਾਇਆ ਜਾਵੇ ਜਿਸ ਤੇ ਏ.ਐਚ.ਓ. ਵਲੋਂ ਦੱਸਿਆ ਗਿਆ ਕਿ ਬਰਸਾਤਾਂ ਵਿੱਚ ਇਹ ਸੱਮਸਿਆ ਆਉਂਦੀ ਹੈ ਕਿਉਂਕਿ ਇਹ ਜਗ੍ਹਾ ਕੱਚੀ ਹੈ ਅਤੇ ਟਿੱਪਰ ਜਾ ਨਹੀਂ ਸਕਦੇ । ਇੱਥੇ ਢਾਈ ਏਕੜ ਜਗ੍ਹਾ ਵਿੱਚੋਂ 60’×60’ ਦਾ ਡੰਪ ਪੱਕਾ ਬਨਵਾਇਆ ਜਾਵੇਗਾ ।

ਮੇਅਰ ਜੀ ਨੇ ਕਮਿਸ਼ਨਰ ਜੀ ਨੂੰ ਸੰਬੋਧਨ ਕਰਦਿਆਂ ਦੱਸਿਆ ਕਿ ਨਗਰ ਨਿਗਮ ਦੇ ਅਧਿਕਾਰੀ ਕਿਸ ਤਰ੍ਹਾਂ ਆਪਣੀਆਂ ਤਨਖ਼ਾਹਾਂ ਤਾਂ ਸਮੇਂ ਸਿਰ ਲੈਣ ਦੀਆਂ ਗੱਲਾਂ ਤਾਂ ਕਰਦੇ ਹਨ ਪਰ ਨਗਰ ਨਿਗਮ ਨੂੰ ਜਿੱਥੋਂ ਆਮਦਨ ਆਉਣੀ ਹੁੰਦੀ ਹੈ, ਉਸ ਵੱਲ ਕਿੰਨਾ ਕੁ ਧਿਆਨ ਦਿੰਦੇ ਹਨ, ਜਿਸ ਬਾਰੇ ਮੈਂ ਪਿਛਲੀ ਮੀਟਿੰਗ ਵਿੱਚ ਦੱਸਿਆ ਸੀ ਕਿ ਨਗਰ ਨਿਗਮ ਵਲੋਂ ਸਾਲ 2007 ਤੋਂ ਵੱਖ ਵੱਖ ਕੰਪਨੀਆਂ ਦੇ ਟਾਵਰਾਂ ਤੋਂ ਜਿਹੜੀ ਫੀਸ ਲੈਣੀ ਹੁੰਦੀ ਹੈ, ਨਹੀਂ ਲਈ ਜਾ ਰਹੀ । ਸਾਲ 2007 ਦੇ 7 ਟਾਵਰ, 2009 ਤੋਂ 45, ਸਾਲ 2011 ਤੋਂ 149, 2013 ਤੋਂ 56, 2014 ਤੋਂ 25, 2015 ਤੋਂ 449 ਅਤੇ ਸਾਲ 2015 ਤੋਂ 79 ਕੁਲ 659 ਟਾਵਰਾਂ ਦੇ ਪੈਸੇ ਆਉਣੇ ਸੀ, ਜਿਹੜੇ ਕਿ ਨਹੀਂ ਆਏ । ਜਿਸ ਤੇ ਹਾਊਸ ਵਲੋਂ ਫੈਸਲਾ ਲਿਆ ਗਿਆ ਕਿ ਜਿਹੜੇ ਜਿਹੜੇ ਅਧਿਕਾਰੀ ਦੇ ਸਮੇਂ ਤੋਂ ਇਹ ਪੈਸੇ ਨਹੀਂ ਆਏ ਉਹਨਾਂ ਨੂੰ ਇੱਕ ਵਾਰ ਸਖ਼ਤ ਵਾਰਨਿੰਗ ਦੇ ਦਿੱਤੀ ਜਾਵੇ ਅਤੇ ਇੱਕ ਮਹੀਨੇ ਦੇ ਅੰਦਰ ਅੰਦਰ ਇਹ ਰਿਕਵਰੀ ਕੀਤੀ ਜਾਵੇ ਅਤੇ ਜੇਕਰ ਫਿਰ ਵੀ ਪੈਸੇ ਨਹੀਂ ਆਉਂਦੇ ਤਾਂ ਜਿੰਮੇਵਾਰ ਅਧਿਕਾਰੀਆਂ ਦੀਆਂ ਤਨਖ਼ਾਹਾਂ ਤੋਂ ਇਹ ਵਸੂਲੀ ਕੀਤੀ ਜਾਵੇ ।

ਮੇਅਰ ਜੀ ਨੇ ਸ੍ਰੀ ਜ਼ੋਗਿੰਦਰ ਸਿੰਘ, ਕਾਰਜਕਾਰੀ ਇੰਜੀਨਿਅਰ ਨੂੰ ਪੁੱਛਿਆ ਤਾਂ ਉਹਨਾਂ ਨੇ ਦੱਸਿਆ ਕਿ ਲਗਭਗ 2.11 ਕਰੋੜ ਰੁਪਏ ਲੈਣੇ ਹਨ । ਪਰ ਕਈ ਟਾਵਰਾਂ ਵਾਲੇ ਮਾਨਯੋਗ ਹਾਈ ਕੋਰਟ ਗਏ ਹੋਏ ਹਨ ਜਿਸ ਤੇ ਮੇਅਰ ਜੀ ਨੇ ਕਿਹਾ ਕਿ ਕੀ ਹਾਈ ਕੋਰਟ ਵਲੋਂ ਸਟੇਅ ਹੈ ਜਿਸ ਤੇ ਕਾਰਜਕਾਰੀ ਇੰਜੀਨਿਅਰ ਵਲੋਂ ਤਸੱਲੀਬਖ਼ਸ਼ ਜਵਾਬ ਨਹੀਂ ਦਿੱਤਾ ਗਿਆ ਅਤੇ ਮੇਅਰ ਜੀ ਨੇ ਕਿਹਾ ਕਿ ਤੁਸੀਂ ਜਾਨਬੁਝ ਕੇ ਉਲਝਾ ਰਹੇ ਹੋ । ਤੁਸੀਂ ਆਪਣੀ ਡਿਊਟੀ ਨਹੀਂ ਸਮਝਦੇ ।

ਸ੍ਰੀ ਜਗਦੀਸ਼ ਕੁਮਾਰ ਦਕੋਹਾ, ਕੌਂਸਲਰ ਵਾਰਡ ਨੰ: 12 ਲੋਂ ਇਸ ਸਬੰਧੀ ਸੁਝਾਓ ਦਿੱਤਾ ਗਿਆ ਕਿ 10 ਟਾਵਰ ਉਤਾਰ ਦਿਓ ਤਾਂ ਬਾਕੀ ਆਪੇ ਟਾਵਰਾਂ ਵਾਲੇ ਪੈਸੇ ਜਮ੍ਹਾਂ ਕਰਵਾਉਣ ਲਈ ਆ ਜਾਣਗੇ ।

ਮੇਅਰ ਜੀ ਨੇ ਸ੍ਰੀ ਜ਼ੋਗਿੰਦਰ ਸਿੰਘ, ਕਾਰਜਕਾਰੀ ਇੰਜੀਨਿਅਰ ਨੂੰ 10 ਦਿਨਾਂ ਦੇ ਅੰਦਰ ਅੰਦਰ ਸਾਰੀ ਕਾਰਵਾਈ ਕਰਨ ਲਈ ਹਦਾਇਤ ਕੀਤੀ ।

ਸਹੀ/- ਜਗਦੀਸ਼ ਰਾਜ ਰਾਜਾ, ਮੇਅਰ

23.7.2018

ਮੇਅਰ ਜੀ ਨੇ ਪੁੱਛਿਆ ਕਿ ਪਿਛਲੀ ਮੀਟਿੰਗ ਵਿੱਚ ਰੋਡ ਸਵੀਪਿੰਗ ਮਸ਼ੀਨ ਦੀ ਇਨਕੁਆਰੀ ਸਬੰਧੀ 15 ਦਿਨਾਂ ਦਾ ਸਮਾਂ ਦਿੱਤਾ ਗਿਆ ਸੀ ਪਰ ਇਹ ਰਿਪੋਰਟ ਅਜੇ ਤੱਕ ਨਹੀਂ ਆਈ । ਦੱਸਿਆ ਜਾਵੇ ਕਿ ਕਿੰਨਾ ਸਮਾਂ ਹੋਰ ਚਾਹੀਦਾ ਹੈ । ਇਹ ਇੱਕ ਵੱਡੀ ਰਾਸ਼ੀ ਦੇ ਘੋਟਾਲੇ ਦਾ ਖ਼ਦਸ਼ਾ ਹੈ, ਇਸ ਲਈ ਦੱਸਿਆ ਜਾਵੇ ।

ਸ੍ਰੀ ਰਵਿੰਦਰ ਸਿੰਘ, ਡੀ.ਸੀ.ਐਫ.ਏ. ਨੇ ਮੇਅਰ ਜੀ ਨੂੰ ਦੱਸਿਆ ਕਿ ਇਸ ਸਬੰਧੀ ਕਮਿਸ਼ਨਰ ਜੀ ਵਲੋਂ ਡਾ: ਸ਼ਿਖਾ ਭਗਤ, ਪੀ.ਸੀ.ਐਸ., ਸੰਯੁਕਤ ਕਮਿਸ਼ਨਰ ਦੀ ਪ੍ਰਧਾਨਗੀ ਹੇਠ ਚਾਰ ਮੈਂਬਰੀ ਕਮੇਟੀ ਦਾ ਗਠਨ ਕੀਤਾ ਹੈ ਜਿਸ ਵਿੱਚ ਸ੍ਰੀਮਤੀ ਗੁਰਵਿੰਦਰ ਕੌਰ ਰੰਧਾਵਾ, ਸੰਯੁਕਤ ਕਮਿਸ਼ਨਰ, ਡੀ.ਸੀ.ਐਫ.ਏ. ਅਤੇ ਡੀ.ਸੀ.ਐਲ.ਏ. ਸ਼ਾਮਲ ਹਨ, ਇਨਕੁਆਰੀ ਸ਼ੁਰੂ ਕਰ ਲਈ ਗਈ ਹੈ ਅਤੇ ਸ਼ੁਕਰਵਾਰ ਤੱਕ ਇਹ ਕੰਪਲੀਟ ਹੋ ਜਾਵੇਗੀ ।

ਸ੍ਰੀ ਰਾਜਵਿੰਦਰ ਸਿੰਘ ਰਾਜਾ, ਕੌਂਸਲਰ ਵਾਰਡ ਨੰ: 58 ਵਲੋਂ ਕਿਹਾ ਗਿਆ ਕਿ ਪਿਛਲੀ ਮੀਟਿੰਗ ਵਿੱਚ ਮੁੱਦਾ ਉਠਾਇਆ ਗਿਆ ਸੀ ਕਿ ਉਹਨਾਂ ਦੇ ਇਲਾਕੇ ਵਿੱਚ ਇੱਕ ਪਾਰਕ ਦੀ ਪਲਸਤਰ ਅਤੇ ਉਸ ਵਿੱਚ ਪਾਈ ਗਈ ਮਿੱਟੀ ਸਬੰਧੀ ਉਹਨਾਂ ਨੂੰ ਹਿਸਾਬ ਦਿੱਤਾ ਜਾਵੇ ।ਪਰ ਕੋਈ ਜਵਾਬ ਨਹੀਂ ਮਿਲਿਆ । ਇਸ ਤੇ ਸ੍ਰੀ ਜ਼ੋਗਿੰਦਰ ਸਿੰਘ, ਕਾਰਜਕਾਰੀ ਇੰਜੀਨਿਅਰ ਵਲੋਂ ਦੱਸਿਆ ਗਿਆ ਕਿ ਇਹ ਕੰਮ ਨਗਰ ਸੁਧਾਰ ਟਰੱਸਟ, ਜਲੰਧਰ ਕਰਵਾ ਰਹੀ ਹੈ । ਮੇਅਰ ਜੀ ਨੇ ਕਿਹਾ ਕਿ ਉਹ ਖੁਦ ਮੌਕਾ ਵੇਖਣ ਆਉਣਗੇ ।

ਸ੍ਰੀ ਦੇਸ ਰਾਜ ਜੱਸਲ, ਕੌਂਸਲਰ ਵਾਰਡ ਨੰ: 80 ਵਲੋਂ ਮੇਅਰ ਜੀ ਨੂੰ ਵਧਾਈ ਦਿੰਦਿਆਂ ਕਿਹਾ ਕਿ 20 ਸਾਲ ਹੋ ਗਏ ਅਜਿਹੇ ਨਤੀਜੇ ਕਦੇ ਨਹੀਂ ਆਏ । ਪਿਛਲੇ 5 ਸਾਲਾਂ ਵਿੱਚ 7 ਮੀਟਿੰਗਾਂ ਅਤੇ ਉਹਨਾਂ ਵਿੱਚੋਂ ਵੀ 5 ਮੀਟਿੰਗਾਂ ਦੋ ਦੋ ਮਿੰਟ ਵਿੱਚ ਪਾਸ ਪਾਸ ਕਹਿ ਕੇ ਖ਼ਤਮ ਕਰ ਦਿੱਤੀਆਂ ਜਾਂਦੀਆਂ ਸਨ ।ਤੁਸੀਂ 5 ਮਹੀਨਿਆਂ ਵਿੱਚ 4 ਮੀਟਿੰਗਾਂ ਕੀਤੀਆਂ ਹਨ ਜਿਸ ਤੇ ਸਮੂਹ ਹਾਊਸ ਨੇ ਮੇਜਾਂ ਥਪਥਪਾਈਆਂ । ਸ੍ਰੀ ਜੱਸਲ ਨੇ ਕਿਹਾ ਕਿ ਸਾਰੇ ਕੌਂਸਲਰਾਂ ਨੂੰ ਬੇਨਤੀ ਹੈ ਕਿ ਪਰਾਗਪੁਰ ਤੋਂ ਲੈ ਕੇ ਵਿਧੀਪੁਰ ਤੱਕ 24 ਕਰੋੜ ਰੁਪਏ ਦੀਆਂ ਸਟਰੀਟ ਲਾਈਟਾਂ ਦੇ ਪੋਲ ਅਤੇ ਲਾਈਟਾਂ ਨੈਸ਼ਨਲ ਹਾਈਵੇ ਬਨਣ ਵੇਲੇ ਉਤਾਰ ਲਏ ਗਏ ਸਨ, ਉਹ ਸਮਾਨ ਕਿੱਥੇ ਹੈ । ਉਸਦਾ ਹਿਸਾਬ ਦਿੱਤਾ ਜਾਵੇ। ਇਸ ਤੋਂ ਇਲਾਵਾ ਉਹਨਾਂ ਨੂੰ 28 ਸਫਾਈ ਸੇਵਕ ਅਲਾਟ ਹਨ ਪਰ ਸਿਰਫ 13 ਜਾਂ 14 ਸਫਾਈ ਸੇਵਕ ਹੀ ਆਉਂਦੇ ਹਨ । ਜਿਹੜੇ 13 ਸਫਾਈ ਸੇਵਕ ਸਵੇਰੇ 7 ਵਜੇ ਆਉਂਦੇ ਹਨ ਅਤੇ ਦੋ ਘੰਟੇ ਕੰਮ ਕਰਕੇ ਦੁਬਾਰਾ ਲੱਭਦੇ ਹੀ ਨਹੀਂ। ਇਹਨਾਂ ਦੀ 8 ਘੰਟੇ ਦੀ ਡਿਊਟੀ ਹੈ ਪਰ ਸਿਰਫ 2 ਘੰਟੇ ਹੀ ਡਿਊਟੀ ਕਰਦੇ ਹਨ । ਤੁਸੀਂ ਆ ਕੇ ਮੌਕਾ ਦੇਖੋ ਅਤੇ ਜੇਕਰ 13 ਨਾਲ ਹੀ ਕੰਮ ਚਲਾਉਣਾ ਹੈ ਤਾਂ ਬਾਕੀ ਦੇ ਸਫਾਈ ਸੇਵਕ ਕਿਸੇ ਹੋਰ ਵਾਰਡ ਨੂੰ ਦੇ ਦਵੋ । ਉਹਨਾਂ ਨੂੰ ਅਗਲੀ ਮੀਟਿੰਗ ਵਿੱਚ ਇਸ ਦਾ ਜਵਾਬ ਦਿੱਤਾ ਜਾਵੇ ।

ਸ੍ਰੀ ਮਨਦੀਪ ਜੱਸਲ, ਕੌਂਸਲਰ ਵਾਰਡ ਨੰ: 10 ਵਲੋਂ ਦੱਸਿਆ ਗਿਆ ਕਿ ਉਹਨਾਂ ਨੇ ਪਿਛਲੀ ਮੀਟਿੰਗ ਵਿੱਚ ਇਹ ਮੁੱਦਾ ਉਠਾਇਆ ਸੀ ਕਿ ਢਿਲਵਾਂ ਅਤੇ ਧੰਨੋਵਾਲੀ ਵਿਖੇ 15-15 ਦਿਨ ਕੂੜਾ ਨਹੀਂ ਉਠਾਇਆ ਜਾਂਦਾ । ਇਸ ਦੀ ਰੈਗੁਲਰ ਲਿਫਟਿੰਗ ਕਰਵਾਈ ਜਾਵੇ । ਧੰਨੋਵਾਲੀ ਵਿਖੇ ਸੀਵਰੇਜ਼ ਪਾ ਦਿੱਤਾ ਗਿਆ ਹੈ ਪਰ ਜਦ ਤੱਕ ਇਸ ਨੂੰ ਐਸ.ਟੀ.ਪੀ. ਨਾਲ ਨਹੀਂ ਜ਼ੋੜਿਆ ਜਾਂਦਾ ਤਦ ਤੱਕ ਜਿਹੜਾ ਛੱਪੜ ਹੈ ਉਸਨੂੰ ਡੂੰਘਾ ਕਰਕੇ ਪਾਣੀ ਉਸ ਵਿੱਚ ਸੁੱਟ ਦਿੱਤਾ ਜਾਵੇ ਤਾਂ ਜ਼ੋ ਮੁੱਹਲਿਆਂ ਗਲੀਆਂ ਵਿੱਚ ਸੀਵਰ ਦਾ ਪਾਣੀ ਨਾ ਖੜ੍ਹਾ ਹੋ ਸਕੇ । ਇਸ ਤੋਂ ਇਲਾਵਾ ਅਰਮਾਨ ਨਗਰ ਵਿਖੇ ਜਦ ਤੱਕ ਟਿਊਬਵੈਲ ਸ਼ੁਰੂ ਨਹੀਂ ਹੁੰਦਾ ਤਦ ਤੱਕ ਟੈਂਕਰ ਭੇਜਣੇ ਯਕੀਨੀ ਬਣਾਏ ਜਾਣ ।

ਸ੍ਰੀ ਬਲਜੀਤ ਸਿੰਘ, ਕਾਰਜਕਾਰੀ ਇੰਜੀਨਿਅਰ ਵਲੋਂ ਦੱਸਿਆ ਗਿਆ ਕਿ ਅਰਮਾਨ ਨਗਰ ਦੇ ਟਿਊਬਵੈਲ ਦੇ ਟੈਂਡਰ ਅੱਜ ਖੁਲਣੇ ਹਨ । ਜਿਥੋਂ ਤੱਕ ਛੱਪੜ ਸਬੰਧੀ ਗੱਲ ਹੈ, ਮੇਅਰ ਜੀ ਨੇ ਕਿਹਾ ਕਿ ਕਲ੍ਹ ਸਬੰਧਤ ਅਧਿਕਾਰੀ ਤੁਹਾਡੇ ਕੋਲ ਆਉਣਗੇ ।

ਸਹੀ/- ਜਗਦੀਸ਼ ਰਾਜ ਰਾਜਾ, ਮੇਅਰ
23.7.2018

ਜਿਥੋਂ ਤੱਕ ਕੂੜੇ ਦੀ ਗੱਲ ਹੈ, ਏ.ਐਚ.ਓ. ਵਲੋਂ ਦੱਸਿਆ ਗਿਆ ਕਿ 6 ਟਿੱਪਰ ਅਤੇ 2 ਜੇ.ਸੀ.ਬੀ. ਦੇ ਟੈਂਡਰ ਮੈਚਿਓਰ ਨਹੀਂ ਹੋ ਰਹੇ । ਅਸੀਂ ਸੰਡੇ ਨੂੰ ਵੀ ਕੰਮ ਕਰਵਾਉਂਦੇ ਹਾਂ । ਉਹਨਾਂ ਇਹ ਵੀ ਕਿਹਾ ਕਿ ਜਿਹੜੀਆਂ ਪ੍ਰਾਈਵੇਟ ਟਰਾਲੀਆਂ ਚਲਦੀਆਂ ਹਨ, ਉਹ ਜਦ ਤੱਕ ਕੌਂਸਲਰਾਂ ਪਾਸੋਂ ਸਰਟੀਫਿਕੇਟ ਨਹੀਂ ਆਉਂਦੇ ਤੱਦ

ਤੱਕ ਉਹਨਾਂ ਦੇ ਅਦਾਇਗੀ ਨਹੀਂ ਕੀਤੀ ਜਾਵੇਗੀ । ਇਸ ਵੇਲੇ ਸਿਰਫ 2 ਟਰਾਲੀਆਂ ਹੀ ਹਨ । ਮੇਅਰ ਜੀ ਨੇ ਕਿਹਾ ਕਿ ਟਰਾਲੀਆਂ ਹੋਰ ਵਧਾ ਲਈਆਂ ਜਾਣ ਅਤੇ ਇਸ ਕੰਮ ਲਈ ਸ਼ਾਰਟ ਟਰਮ ਟੈਂਡਰ ਮੰਗ ਲਏ ਜਾਣ ।

ਸ੍ਰੀ ਮਨਦੀਪ ਜੱਸਲ, ਕੌਂਸਲਰ ਵਾਰਡ ਨੰ: 10 ਵਲੋਂ ਮੁੜ ਕਿਹਾ ਗਿਆ ਕਿ ਪਿਛਲੀ ਮੀਟਿੰਗ ਵਿੱਚ ਉਹਨਾਂ ਵਲੋਂ ਇਹ ਮੁੱਦਾ ਵੀ ਉਠਾਇਆ ਗਿਆ ਸੀ ਕਿ ਜਿਹੜੀਆਂ ਵੱਡੀਆਂ-ਵੱਡੀਆਂ ਬਿਲਡਿੰਗਾਂ ਜਾਂ ਮਾਲਜ਼ ਵਾਲਿਆਂ ਨੇ ਨਕਸ਼ੇ ਪਾਸ ਕਰਵਾਉਣ ਵੇਲੇ ਪਾਰਕਿੰਗ ਦਰਸਾਈ ਗਈ ਹੈ, ਉਥੇ ਸ਼ੋ-ਰੂਮ ਖੁਲ੍ਹੇ ਹੋਏ ਹਨ ਅਤੇ ਪਾਰਕਿੰਗ ਬਾਹਰ ਸੜਕਾਂ ਤੇ ਹੋ ਰਹੀ ਹੈ, ਨੂੰ ਚੈਕ ਕਰਵਾਇਆ ਜਾਵੇ ।ਉਹਨਾਂ ਇਹ ਵੀ ਮੰਗ ਕੀਤੀ ਸੀ ਕਿ ਜਿਹੜੀਆਂ ਕਲੋਨੀਆਂ ਪਿਛਲੇ 10 ਸਾਲਾਂ ਵਿੱਚ ਕੱਟੀਆਂ ਗਈਆਂ ਹਨ, ਦੀ ਵੀ ਜਾਂਚ ਕਰਵਾਈ ਜਾਵੇ ।

ਸ੍ਰੀ ਲਖਵੀਰ ਸਿੰਘ, ਏ.ਟੀ.ਪੀ. ਵਲੋਂ ਦੱਸਿਆ ਗਿਆ ਕਿ ਜਦੋਂ ਤੋਂ ਇਹ ਕਲੋਨੀਆਂ ਕੱਟੀਆਂ ਗਈਆਂ ਹਨ, ਸਬੰਧੀ ਅਸੀਂ ਰਿਕਾਰਡ ਕਢਵਾ ਲੈਂਦੇ ਹਾਂ ਅਤੇ ਐਕਸ਼ਨ ਲਵਾਂਗੇ । ਲਿਸਟ ਬਨਾ ਕੇ ਦੇ ਦਿੰਦੇ ਹਾਂ ।

ਮੇਅਰ ਜੀ ਨੇ ਕਿਹਾ ਕਿ ਇਸ ਵੇਲੇ ਸਟਾਫ ਨਹੀਂ ਹੈ ਅਸੀਂ ਐਮ.ਐਲ.ਏਜ਼ ਨਾਲ ਮੌਕਾ ਦੇਖ ਲੈਂਦੇ ਹਾਂ ।

ਸ੍ਰੀ ਮਨਮੋਹਣ ਸਿੰਘ ਰਾਜੂ, ਕੌਂਸਲਰ ਵਾਰਡ ਨੰ: 16 ਵਲੋਂ ਦੱਸਿਆ ਗਿਆ ਪਿਛਲੀ ਮੀਟਿੰਗ ਵਿੱਚ ਇਹ ਮੁੱਦਾ ਉਠਾਇਆ ਸੀ ਕਿ ਜਿਹੜੇ ਖ਼ਾਲੀ ਪਲਾਟ ਹੁੰਦੇ ਹਨ, ਉਥੇ ਚਾਰ ਦੀਵਾਰੀ ਨਾ ਹੋਣ ਕਰਕੇ ਕੂੜਾ ਆਦਿ ਸੁੱਟਿਆ ਜਾਂਦਾ ਹੈ ਜਿਸ ਕਰਕੇ ਬਿਮਾਰੀਆਂ ਫੈਲਣ ਦਾ ਖ਼ਦਸ਼ਾ ਰਹਿੰਦਾ ਹੈ । ਅਜਿਹੇ ਪਲਾਟ ਮਾਲਕਾਂ ਦੇ ਚਲਾਨ ਕੀਤੇ ਜਾਣ ।ਇਸ ਤੇ ਮੇਅਰ ਜੀ ਨੇ ਏ.ਐਚ.ਓ. ਨੂੰ ਹਦਾਇਤ ਕੀਤੀ ਸੀ ਕਿ ਸਬੰਧਤ ਪਲਾਟ ਮਾਲਕਾਂ ਨੂੰ ਪਹਿਲਾਂ ਵਾਰਨਿੰਗ ਦਿੱਤੀ ਜਾਵੇ ਅਤੇ ਦੁਬਾਰਾ ਉਹਨਾਂ ਦੇ ਚਲਾਨ ਕੀਤੇ ਜਾਣ । ਜ਼ਿਆਦਤਰ ਕੌਂਸਲਰਾਂ ਵਲੋਂ ਇਸ ਸਬੰਧੀ ਪਹਿਲਾਂ ਅਖ਼ਬਾਰਾਂ ਵਿੱਚ ਪਬਲਿਕ ਨੋਟਿਸ ਦੇਣ ਲਈ ਹਾਮੀ ਭਰੀ ਗਈ ਸੀ ਤਾਂ ਜ਼ੋ ਅਜਿਹੇ ਪਲਾਟ ਮਾਲਕ ਜਾਗਰੁਕ ਹੋ ਜਾਣ ।ਪਰ ਇਸ ਸਬੰਧੀ ਕਿਸੇ ਅਖਬਾਰ ਵਿੱਚ ਨੋਟਿਸ ਨਹੀਂ ਦਿੱਤਾ ਗਿਆ ।

ਏ.ਐਚ.ਓ. ਵਲੋਂ ਦੱਸਿਆ ਗਿਆ ਅਜਿਹੇ ਪਲਾਟਾਂ ਦੇ ਮਾਲਕ ਨਹੀਂ ਮਿਲਦੇ ਜਿਸ ਤੇ ਮੇਅਰ ਜੀ ਨੇ ਉਹਨਾਂ ਨੂੰ ਪੁੱਛਿਆ ਕਿ ਕੀ ਤੁਸੀਂ ਅਖ਼ਬਾਰ ਵਿੱਚ ਨੋਟਿਸ ਦਿੱਤਾ ਸੀ ਜਿਸ ਤੇ ਉਹਨਾਂ ਨੇ ਦੱਸਿਆ ਕਿ ਪ੍ਰੈਸ ਨੋਟ ਦਿੱਤਾ ਸੀ ਪਰ ਪੇਡ ਨੋਟਿਸ ਨਹੀਂ ਦਿੱਤਾ ਜਿਸ ਤੇ ਮੇਅਰ ਜੀ ਨੇ ਉਹਨਾਂ ਨੂੰ ਕਿਹਾ ਕਿ ਸਹੀ ਜਵਾਬ ਦਿਆ ਕਰੋ ਅਤੇ ਆਪਣੀ ਡਿਊਟੀ ਰੈਗੂਲਰ ਕਰੋ ।ਪਿਛਲੀ ਮੀਟਿੰਗ ਹੋਇਆਂ ਇੱਕ ਮਹੀਨਾ ਹੋ ਚਲਾ ਹੈ ਅਤੇ ਤੁਸੀਂ ਕੋਈ ਕਾਰਵਾਈ ਨਹੀਂ ਕੀਤੀ । ਕੀ ਸਾਡੀ ਜਿੰਮੇਦਾਰੀ ਨਹੀ ਬਣਦੀ । ਏ.ਐਚ.ਓ. ਵਲੋਂ ਕਿਹਾ ਗਿਆ ਕਿ ਕਲ੍ਹ ਹੀ ਇਹ ਨੋਟਿਸ ਭਿਜਵਾ ਦਿੱਤਾ ਜਾਵੇਗਾ ਅਤੇ ਇਹ ਵੀ ਮੰਗ ਕੀਤੀ ਕਿ ਇਸ ਕੰਮ ਲਈ ਕੌਂਸਲਰ ਵੀ ਉਹਨਾਂ ਨੂੰ ਸਹਿਯੋਗ ਦੇਣ ।

ਸ੍ਰੀ ਵਰੇਸ਼ ਮਿੰਟੂ, ਕੌਂਸਲਰ ਵਾਰਡ ਨੰ: 40 ਵਲੋਂ ਦੱਸਿਆ ਗਿਆ ਕਿ ਪਿਛਲੀ ਮੀਟਿੰਗ ਵਿੱਚ ਇਹ ਮੁੱਦਾ ਉਠਾਇਆ ਸੀ ਕਿ ਇੱਕ ਮਹੀਨੇ ਵਿੱਚ 18 ਵਾਰ ਟਿਊਬਵੈਲ ਦੀ ਰਿਪੇਅਰ ਕਰਵਾਉਣੀ ਪਈ ਹੈ। ਟਿਊਬਵੈਲ ਚਲਦੇ ਚਲਦੇ ਬੰਦ ਹੋ ਜਾਂਦੇ ਹਨ ਅਤੇ ਫਾਲਟ ਲਭਣਾ ਪੈਂਦਾ ਹੈ । ਹਰ ਚਾਰ ਦਿਨਾਂ ਬਾਅਦ ਮੋਟਰ ਸੜ ਜਾਂਦੀ ਹੈ ।

ਮੇਅਰ ਜੀ ਨੇ ਐਸ.ਈ. (ਓ ਐਂਡ ਐਮ) ਨੂੰ ਪੁੱਛਿਆ ਕਿ ਠੇਕੇਦਾਰਾਂ ਨਾਲ ਟਿਊਬਵੈਲਾਂ ਦੀਆਂ ਮੋਟਰਾਂ ਸੜਣ ਸਬੰਧੀ ਕਾਰਵਾਈ ਲਈ 24 ਘੰਟੇ ਦੀ ਸ਼ਰਤ ਹੈ । 18 ਵਾਰ ਸੜਣ ਅਤੇ ਤਿੰਨ-ਤਿੰਨ ਦਿਨਾਂ ਤੱਕ ਮੋਟਰਾਂ ਠੀਕ ਨਾ ਹੋਣ ਤੇ ਤੁਸੀਂ ਠੇਕੇਦਾਰ ਵਿਰੁੱਧ ਕੀ ਕਾਰਵਾਈ ਕੀਤੀ ਹੈ । ਤੁਸੀਂ ਕਿੰਨਾ ਜੁਰਮਾਨਾ ਪਾਇਆ ਹੈ । ਤੁਸੀਂ ਠੇਕੇਦਾਰਾਂ ਦਾ ਲਿਹਾਜ਼ ਕਰੀ ਜਾਂਦੇ ਹੋ ਅਤੇ ਲੋਕ ਪਾਣੀ ਨੂੰ ਤਰਸਦੇ ਪਏ ਹਨ । ਜਿਹੜਾ ਵੀ ਜੁਰਮਾਨਾ ਲਗਾਇਆ ਗਿਆ ਹੈ, ਉਸਦੀ ਕਾਪੀ ਕੌਂਸਲਰ ਨੂੰ ਦਿੱਤੀ ਜਾਵੇ ਅਤੇ ਮੈਨੂੰ ਵੀ ਦਿੱਤੀ ਜਾਵੇ । ਉਹਨਾਂ ਸਮੂਹ ਹਾਊਸ ਨੂੰ ਬੇਨਤੀ ਕੀਤੀ ਕਿ ਜੇਕਰ ਨਵੇਂ ਕੌਂਸਲਰਾਂ ਨੂੰ ਇਸ ਸਬੰਧੀ ਕੋਈ ਜਾਣਕਾਰੀ ਨਹੀਂ ਹੈ ਤਾਂ 10-10 ਕੌਂਸਲਰਾਂ ਉਹਨਾਂ ਨੂੰ ਬੁਲਾ ਕੇ ਇਹ ਜਾਣਕਾਰੀ ਲੈ ਸਕਦੇ ਹਨ ਕਿ ਅਜਿਹੇ ਠੇਕੇਦਾਰਾਂ ਨਾਲ ਨਗਰ ਨਿਗਮ ਦੇ ਕੀ ਐਗਰੀਮੈਂਟ ਹੋਏ ਹਨ। ਠੇਕੇਦਾਰਾਂ ਦਾ ਕੋਈ ਲਿਹਾਜ਼ ਨਹੀਂ ਕਰਨਾ ਚਾਹੀਦਾ।

ਸਹੀ/- ਜਗਦੀਸ਼ ਰਾਜ ਰਾਜਾ, ਮੇਅਰ
23.7.2018

ਸ੍ਰੀ ਗੁਰਵਿੰਦਰਪਾਲ ਸਿੰਘ ਬੰਟੀ ਨੀਲਕੰਠ, ਕੌਂਸਲਰ ਵਾਰਡ ਨੰ: 68 ਵਲੋਂ ਦੱਸਿਆ ਗਿਆ ਕਿ ਪਿਛਲੀ ਮੀਟਿੰਗ ਵਿੱਚ ਇਹ ਮੁੱਦਾ ਉਠਾਇਆ ਸੀ ਕਿ ਕਪੂਰਥਲਾ ਚੌਕ ਤੋਂ ਸਬਜੀ ਮੰਡੀ ਤੱਕ ਕੋਈ ਸਟਰੀਟ ਲਾਈਟ ਦਾ ਪੋਲ ਨਹੀਂ ਹੈ । ਦੇਵਰਾਜ ਸਕੂਲ ਸਾਹਮਣੇ ਡੰਪ ਜਿਥੇ ਟਾਇਲੈਟ ਬਲਾਕ ਬਣਿਆ ਹੋਇਆ ਹੈ, ਨੂੰ ਵੱਡਾ ਕੀਤਾ ਜਾਵੇ। ਸਰਸਵਤੀ ਵਿਹਾਰ ਵਿੱਚ ਕੋਈ ਪੱਕਾ ਸਫਾਈ ਸੇਵਕ ਨਹੀਂ ਹੈ । ਤਿੰਨ ਸੀਵਰਮੈਨ ਦਿੱਤੇ ਜਾਣ । ਸੰਗਤ ਸਿੰਘ ਨਗਰ ਵਿਖੇ ਨਗਰ ਨਿਗਮ ਦੀ ਜਗ੍ਹਾ ਪਈ ਹੈ, ਦਾ ਮੁਲ ਲਵਾ ਕੇ ਵੇਚੀ ਜਾਵੇ ਤਾਂ ਰੈਵੇਨਿਊ ਆ ਸਕਦਾ ਹੈ।ਕਪੂਰਥਲਾ ਚੌਕ ਤੋਂ ਸਬਜੀ ਮੰਡੀ ਵੱਲ ਜਾਂਦੇ ਇੱਕ ਤ੍ਰਿਕੋਣਾ ਪਾਰਕ ਹੈ ਅਤੇ ਜਿਸ ਤਰ੍ਹਾਂ ਫੁਟਬਾਲ ਚੌਕ ਵਿਖੇ ਸਬ-ਵੇ ਬਣਾਇਆ ਗਿਆ ਹੈ, ਉਸੇ ਤਰ੍ਹਾਂ ਇਸ ਤ੍ਰਿਕੋਣ ਪਾਰਕ ਨੂੰ ਢਾਹ ਕੇ ਸਬ-ਵੇ ਦੀ ਉਸਾਰੀ ਕਰਵਾਈ ਜਾਵੇ ਤਾਂ ਜ਼ੋ ਟਰੈਫਿਕ ਦੀ ਸੱਮਸਿਆ ਦਾ ਹਲ ਹੋ ਸਕੇ ।ਪ੍ਰੰਤੂ ਕੋਈ ਜਵਾਬ ਨਹੀਂ ਦਿੱਤਾ ਗਿਆ ਅਤੇ ਨਾ ਹੀ ਕੋਈ ਕਾਰਵਾਈ ਹੋਈ ਹੈ ।

ਕਾਰਜਕਾਰੀ ਇੰਜੀਨਿਅਰ (ਲਾਈਟ) ਵਲੋਂ ਦੱਸਿਆ ਗਿਆ ਕਿ ਸਟਰੀਟ ਲਾਈਟ ਪੋਲ ਲਗਾਉਣ ਸਬੰਧੀ ਤਖ਼ਮੀਨਾ ਅੱਜ ਦੇ ਅਜੰਡੇ ਵਿੱਚ ਸ਼ਾਮਲ ਹੈ ।

ਏ.ਐਚ.ਓ. ਵਲੋਂ ਡੰਪ ਸਬੰਧੀ ਕਲ੍ਹ ਮੌਕਾ ਦੇਖਣ ਲਈ ਆਸਵਾਸਨ ਦਿੱਤਾ ਗਿਆ ।

ਇਸ ਉਪਰੰਤ ਮੇਅਰ ਜੀ ਨੇ ਸਾਰੇ ਕੌਂਸਲਰਾਂ ਨੂੰ ਬੇਨਤੀ ਕੀਤੀ ਕਿ ਉਹ ਨਵੇ ਆਏ ਕਮਿਸ਼ਨਰ ਜੀ ਨੂੰ ਆਪੋ-ਆਪਣੀ ਇੰਟਰੋਡਕਸ਼ਨ ਕਰਵਾਉਣ ।

ਜਿਸ ਤੇ ਸਮੂਹ ਹਾਜ਼ਰ ਕੌਂਸਲਰਾਂ ਨੇ ਆਪਣੇ ਵਾਰਡ ਨੰ: ਅਤੇ ਨਾਮ ਸਬੰਧੀ ਕਮਿਸ਼ਨਰ ਜੀ ਨੂੰ ਜਾਣੂ ਕਰਵਾਇਆ ।

ਇਸ ਉਪਰੰਤ ਮੇਅਰ ਜੀ ਨੇ ਜ਼ੀਰੋ ਆਵਰ ਸ਼ੁਰੂ ਕਰਨ ਦੇ ਆਦੇਸ਼ ਦਿੱਤੇ ।

ਸਹੀ/- ਜਗਦੀਸ਼ ਰਾਜ ਰਾਜਾ, ਮੇਅਰ
23.7.2018

ਸ੍ਰੀਮਤੀ ਸਰਫੋ ਦੇਵੀ, ਕੌਂਸਲਰ ਵਾਰਡ ਨੰ: 69 ਨੇ ਇੱਕ ਸ਼ਿਕਾਇਤ ਪੱਤਰ ਅਤੇ ਅਖ਼ਬਾਰਾਂ ਵਿੱਚ ਲੱਗੀਆਂ ਖ਼ਬਰਾ ਸਬੰਧੀ ਅਖ਼ਬਾਰ ਦਿੰਦਿਆ ਕਿਹਾ ਕਿ ਵਾਰਡ ਨੰ: 69 ਵਿਖੇ ਗਾਂਧੀ ਕੈਂਪ ਅਤੇ ਕਬੀਰ ਵਿਹਾਰ ਵਿਖੇ ਸੀਵਰੇਜ਼ ਬੰਦ ਪਿਆ ਹੈ ਅਤੇ ਕੋਈ ਸੁਣਵਾਈ ਨਹੀਂ ਹੋ ਰਹੀ । ਸ੍ਰੀ ਯਸ਼ਪਾਲ, ਜੇ.ਈ. ਕੋਈ ਕੰਮ ਨਹੀਂ ਕਰ ਰਿਹਾ ਅਤੇ ਕਹਿੰਦਾ ਹੈ ਕਿ ਗੱਡੀ ਵਾਲਾ ਆਵੇਗਾ ਤਾਂ ਕੰਮ ਕਰਵਾ ਦਿੱਤਾ ਜਾਵੇਗਾ । ਇਸ ਸਬੰਧੀ ਉਹਨਾਂ ਨੇ ਲਾਲ ਰਤਨ ਜ਼ੋਨ, ਸ਼ੀਤਲਾ ਮੰਦਰ ਜ਼ੋਨ, ਦਾਦਾ ਕਲੋਨੀ ਜ਼ੋਨ ਦੇ ਅਧਿਕਾਰੀਆਂ ਨੂੰ ਕਈ ਵਾਰ ਸ਼ਿਕਾਇਤ ਕੀਤੀ ਤਾਂ ਸਾਰੇ ਇਹ ਕਹਿੰਦੇ ਹਨ ਕਿ ਇਹ ਕੰਮ ਫਲਾਨੇ ਜ਼ੋਨ ਵਾਲਿਆਂ ਨੇ ਕਰਨਾ ਹੈ ਤੇ ਦੂਜੇ ਕਹਿੰਦੇ ਹਨ ਕਿ ਫਲਾਨੇ ਨੇ ਕਰਨਾ ਹੈ, ਦੱਸਿਆ ਜਾਵੇ ਕਿ ਇਹ ਵਾਰਡ ਕਿਸ ਜ਼ੋਨ ਪਾਸ ਹੈ ਤਾਂ ਜ਼ੋ ਸੱਮਸਿਆ ਦਾ ਹੱਲ ਹੋ ਸਕੇ । ਉਹਨਾਂ ਇਹ ਵੀ ਕਿਹਾ ਕਿ ਪੀਣ ਵਾਲੇ ਪਾਣੀ ਵਿੱਚ ਕੀੜੇ ਆ ਰਹੇ ਹਨ ।

ਇਸ ਤੇ ਮੇਅਰ ਜੀ ਨੇ ਉਹਨਾਂ ਦੇ ਪਤੀ ਕਾਮਰੇਡ ਰਾਜ ਕੁਮਾਰ ਜੀ ਨੂੰ ਪੁੱਛਿਆ ਕਿ ਤੁਸੀਂ ਦੱਸੋ ਤਾਂ ਉਹਨਾਂ ਨੇ ਦੱਸਿਆ ਕਿ ਉਹਨਾਂ ਦੇ ਇਲਾਕਾ ਦਾਦਾ ਕਲੋਨੀ, ਸੋਡਲ ਅਤੇ ਲਾਲ ਰਤਨ ਜ਼ੋਨ ਵਿੱਚ ਪੈਂਦਾ ਹੈ । ਇਸ ਤੇ ਮੇਅਰ ਜੀ ਨੇ ਐਸ.ਈ. ਨੂੰ ਪੁੱਛਿਆ ਤਾਂ ਉਹਨਾਂ ਦੱਸਿਆ ਕਿ ਇਹ ਇਲਾਕਾ ਜ਼ੋਨ ਨੰ: 3 ਲਾਲ ਰਤਨ ਸਿਨੇਮਾ ਵਿੱਚ ਕਰ ਦਿੱਤਾ ਗਿਆ ਹੈ।
ਗੰਦੇ ਪਾਣੀ ਸਬੰਧੀ ਮੇਅਰ ਜੀ ਨੇ ਕੌਂਸਲਰ ਨੂੰ ਹਦਾਇਤ ਕੀਤੀ ਕਿ ਇੱਕ ਬੋਤਲ ਵਿੱਚ ਪਾਣੀ ਭਰ ਕੇ ਬਾਹਰ ਆਪਣਾ ਵਾਰਡ ਨੰ:, ਇਲਾਕਾ ਅਤੇ ਗਲੀ ਦਾ ਨਾਮ ਲਿਖ ਕੇ ਉਹਨਾਂ ਦੇ ਦਫ਼ਤਰ ਭਿਜਵਾ ਦਿੱਤੀ ਜਾਵੇ ਤਾਂ ਜ਼ੋ ਉਹ ਜਾਂਚ ਕਰਵਾ ਸਕਣ ।

ਸ੍ਰੀਮਤੀ ਸੁਰਿੰਦਰ ਕੌਰ, ਸੀਨਿਅਰ ਡਿਪਟੀ ਮੇਅਰ, ਵਲੋਂ ਕਿਹਾ ਗਿਆ ਕਿ ਉਹਨਾਂ ਦੇ ਪੁਰਾਣੇ ਵਾਰਡ ਨੰ: 58 ਅਧੀਨ ਕੁਝ ਇਲਾਕੇ ਜਿਵੇਂ ਕਿ ਟਾਵਰ ਇਨਕਲੇਵ ਫੇਸ-1, ਫੇਸ-2, ਫੇਸ-3, ਗੁਰੂ ਨਾਨਕ ਨਗਰ, ਵਿਰਕ ਇਨਕਲੇਵ ਆਦਿ ਪੈਂਦੇ ਸੀ । ਇਸ ਵਾਰ ਨਗਰ ਨਿਗਮ ਦੀ ਕੀਤੀ ਗਈ ਵਾਰਡਬੰਦੀ ਵਿੱਚ ਇਹ ਇਲਾਕੇ ਕਿਸੇ ਵੀ ਵਾਰਡ ਵਿੱਚ ਸ਼ਾਮਿਲ ਨਹੀਂ ਕੀਤੇ ਗਏ । ਇੱਥੇ ਦੇ ਵਸਨੀਕਾਂ ਦਾ ਇੱਕਠ ਉਹਨਾਂ ਨੂੰ ਨਿੱਜੀ ਤੌਰ ਤੇ ਆ ਕੇ ਮਿਲਿਆ ਸੀ ਤੇ ਇਸ ਸਬੰਧੀ ਜਾਣੂ ਕਰਵਾਇਆ । ਇਹਨਾਂ ਇਲਾਕਿਆਂ ਦੇ ਵਸਨੀਕਾਂ ਨੂੰ ਆਪਣੇ ਇਲਾਕੇ ਵਿੱਚ ਕੰਮ ਕਰਵਾਉਣ ਵਿੱਚ ਕਾਫੀ ਔਕੜ ਪੇਸ਼ ਆ ਰਹੀ ਹੈ ਕਿਉਂ ਜ਼ੋ ਇਹ ਇਲਾਕੇ ਕਿਸੇ ਵੀ ਵਾਰਡ ਵਿੱਚ ਸ਼ਾਮਿਲ ਨਹੀਂ ਕੀਤੇ ਗਏ ਤੇ ਇਹਨਾਂ ਇਲਾਕਿਆਂ ਦੇ ਕੰਮ ਕਰਵਾਉਣ ਲਈ ਕਈ ਵਾਰ ਉਹਨਾਂ ਨੂੰ ਕਿਹਾ ਜਾ ਰਿਹਾ ਹੈ । ਇਹਨਾਂ ਇਲਾਕਿਆਂ ਦੇ ਵਸਨੀਕਾਂ ਦੀ ਮੰਗ ਨੂੰ ਮੁੱਖ ਰੱਖਦੇ ਹੋਏ ਇਹਨਾਂ ਇਲਾਕਿਆਂ ਨੂੰ ਕਿਸੇ ਵਾਰਡ ਵਿੱਚ ਸ਼ਾਮਿਲ ਕਰਨ ਲਈ ਯੋਗ ਉਪਰਾਲੇ ਕੀਤੇ ਜਾਣ ।ਇਸ ਸਬੰਧੀ ਉਹਨਾਂ ਨੇ ਮੁੱਖ ਸਕੱਤਰ, ਸਥਾਨਕ ਸਰਕਾਰ ਜੀ ਨਾਲ ਗੱਲ ਕੀਤੀ ਸੀ ਤਾਂ ਉਹਨਾਂ ਨੇ ਕਿਹਾ ਕਿ ਹਾਊਸ ਤੋਂ ਮਤਾ ਪ੍ਰਵਾਨ ਕਰਵਾ ਕੇ ਭੇਜੋ ।ਇਸ ਤੇ ਮੇਅਰ ਜੀ ਨੇ ਅਗਲੀ ਮੀਟਿੰਗ ਵਿੱਚ ਇਸ ਸਬੰਧੀ ਮਤਾ ਸ਼ਾਮਲ ਕਰਨ ਲਈ ਹਦਾਇਤ ਕੀਤੀ ।

ਸ੍ਰੀਮਤੀ ਸੁਰਿੰਦਰ ਕੌਰ, ਸੀਨਿਅਰ ਡਿਪਟੀ ਮੇਅਰ, ਵਲੋਂ ਨਗਰ ਨਿਗਮ ਦਫ਼ਤਰ ਵਿਖੇ ਵੱਖ ਵੱਖ ਸ਼ਾਖਾਵਾਂ ਵਿੱਚ ਆਊਟਸੋਰਸ ਤੇ ਕੰਮ ਕਰਦੇ 11 ਡਾਟਾ ਐਂਟਰੀ ਓਪਰੇਟਰਾਂ ਨੂੰ ਡੀ.ਸੀ. ਰੇਟਾਂ ਤੇ ਸਿੱਧੇ ਤੌਰ ਤੇ ਰੱਖਣ ਦੀ ਮੰਗ ਕੀਤੀ ਤਾਂ ਮੇਅਰ ਜੀ ਨੇ ਇਸ ਸਬੰਧੀ ਮਤਾ ਅਗਲੀ ਮੀਟਿੰਗ ਵਿੱਚ ਪੇਸ਼ ਕਰਨ ਲਈ ਹਦਾਇਤ ਕੀਤੀ ।

ਸ੍ਰੀ ਸੁਸ਼ੀਲ ਕਾਲੀਆ, ਕੋਂਸਲਰ ਵਾਰਡ ਨੰ: 64 ਵਲੋਂ ਮੁੱਦਾ ਉਠਾਇਆ ਗਿਆ ਕਿ ਸਫਾਈ ਸੇਵਕ ਨਹੀਂ ਹਨ ਅਤੇ ਨਵੇਂ ਡੰਪ ਬਣਾਏ ਜਾ ਰਹੇ ਹਨ । ਜਿਵੇਂ ਕਿ ਉਹਨਾਂ ਦੇ ਦਫ਼ਤਰ ਦੇ ਅੱਗੇ ਗਾਰਬੇਜ਼ ਪੁਆਇੰਟ ਬਨਾ ਦਿੱਤਾ ਗਿਆ ਹੈ । ਅਸੀਂ ਡੰਪ ਖ਼ਤਮ ਕਰਨੇ ਹਨ ਨਾ ਕਿ ਨਵੇਂ ਬਨਾਉਣੇ ਹਨ । ਉਹਨਾਂ ਦੱਸਿਆ ਕਿ ਕੁਝ ਲੋਕ ਪਹਿਲਾਂ ਮਲਬਾ ਸੁੱਟ ਦਿੰਦੇ ਹਨ ਅਤੇ ਫਿਰ ਉਸੇ ਜਗ੍ਹਾ ਤੇ ਲੋਕ ਕੂੜਾ ਸੁੱਟਣ ਲੱਗ ਪੈਂਦੇ ਹਨ ।

ਮੇਅਰ ਜੀ ਨੇ ਪੁੱਛਿਆ ਕਿ ਮਲਬਾ ਲੋਕ ਸੁੱਟਦੇ ਹਨ ਜਾਂ ਨਗਰ ਨਿਗਮ ਦੇ ਠੇਕੇਦਾਰ ਜਿਹੜੇ ਸੜਕਾਂ ਦੇ ਟੈਂਡਰ ਲੈਂਦੇ ਹਨ, ਇਸ ਬਾਰੇ ਤੁਸੀਂ ਵੀ ਖਿਆਲ ਰੱਖੋ ।

ਸ੍ਰੀ ਦੀਪਕ ਸ਼ਾਰਦਾ, ਕੋਂਸਲਰ ਵਾਰਡ ਨੰ: 62 ਵਲੋਂ ਦੱਸਿਆ ਗਿਆ ਕਿ ਉਹਨਾਂ ਦੇ ਸਾਰੇ ਕੰਮ ਹੋ ਗਏ ਹਨ ਜਿਸ ਲਈ ਉਹ ਮੇਅਰ ਜੀ ਦਾ ਧੰਨਵਾਦ ਕਰਦੇ ਹਨ ।

ਸ੍ਰੀ ਬਚਨ ਲਾਲ, ਕੋਂਸਲਰ ਵਾਰਡ ਨੰ: 36 ਵਲੋਂ ਦੱਸਿਆ ਗਿਆ ਕਿ ਸਾਢੇ ਛੇ ਨੰਬਰ ਚੌਂਕੀ ਦੇ ਪਿਛਲੇ ਪਾਸੇ ਸੈਂਟਰਲ ਗੋਰਮਿੰਟ ਦੀ 70-80 ਮਰਲੇ ਥਾਂ ਪਈ ਹੈ ਉਥੇ ਵੀ 4-4 ਫੁੱਟ ਮਲਬੇ ਦੇ ਢੇਰ ਲੱਗੇ ਹੋਏ ਹਨ ।ਉਹਨਾਂ ਇਹ ਵੀ ਦੱਸਿਆ ਕਿ ਸੀਵਰੇਜ਼ ਬੈਕ ਮਾਰ ਰਿਹਾ ਹੈ । ਸਵੇਰੇ ਸਫਾਈ ਕਰਵਾਓ ਤਾਂ ਰਾਤ ਨੂੰ ਫਿਰ ਓਹੀ ਹਾਲ ਹੋ ਜਾਂਦਾ ਹੈ । ਸਾਰਾ ਮੁਹੱਲਾ ਉਹਨਾਂ ਪਾਸ ਆਇਆ ਅਤੇ ਉਹਨਾਂ ਨੇ ਸਬੰਧਤ ਅਧਿਕਾਰੀਆਂ ਨੂੰ ਬੁਲਾਇਆ ਤਾਂ ਅਧਿਕਾਰੀਆਂ ਵਲੋਂ ਦੱਸਿਆ ਗਿਆ ਕਿ ਪਾਣੀ ਡਾਊਨ ਹੋਵੇਗਾ ਤਾਂ ਹੀ ਸੀਵਰ ਦੀ ਸਫਾਈ ਹੋਵੇਗੀ । ਉਹ ਬੇਨਤੀ ਕਰਦੇ ਹਨ ਕਿ ਜਲਦ ਤੋਂ ਜਲਦ ਇੱਥੇ ਸੀਵਰੇਜ਼ ਦੀ ਸਫਾਈ ਕਰਵਾਈ ਜਾਵੇ ।ਇਸ ਤੋਂ ਇਲਾਵਾ ਉਹਨਾਂ ਟਿਊਬਵੈਲ ਦਾ ਟੈਂਡਰ ਲਗਾਉਣ ਦੀ ਵੀ ਮੰਗ ਕੀਤੀ ।

ਸ੍ਰੀ ਨਿਰਮਲ ਸਿੰਘ, ਕਾਰਜਕਾਰੀ ਇੰਜੀਨਿਅਰ ਵਲੋਂ ਦੱਸਿਆ ਗਿਆ ਕਿ ਉਹਨਾਂ ਵਲੋਂ ਬੰਦੇ ਲੈ ਕੇ ਪਿਛਲੇ ਹਫ਼ਤੇ ਸਫਾਈ ਕਰਵਾਈ ਗਈ ਸੀ ਤਾਂ ਸੀਵਰੇਜ਼ ਵਿੱਚੋਂ ਪੋਚੇ ਅਤੇ ਕੂੜਾ ਕਢਵਾਇਆ ਗਿਆ ਸੀ ।ਮੇਅਰ ਜੀ ਨੇ ਟਿਊਬਵੈਲ ਦਾ ਟੈਂਡਰ ਜਲਦ ਲਗਵਾਉਣ ਦਾ ਆਸ਼ਵਾਸਨ ਦਿੱਤਾ ।

ਸਹੀ/- ਜਗਦੀਸ਼ ਰਾਜ ਰਾਜਾ, ਮੇਅਰ
23.7.2018

ਸ੍ਰੀ ਗਿਆਨ ਚੰਦ, ਕੋਂਸਲਰ ਵਾਰਡ ਨੰ: 70 ਵਲੋਂ ਕਿਹਾ ਗਿਆ ਕਿ ਬਰਸਾਤਾਂ ਦਾ ਮੌਸਮ ਹੈ ਅਤੇ ਮੱਛਰਾਂ ਦੀ ਤਾਦਾਦ ਬਹੁਤ ਵੱਧ ਗਈ ਹੈ । ਨਾ ਤਾਂ ਸੜਿਆ ਤੇਲ ਖੜੇ ਪਾਣੀ ਤੇ ਸੁੱਟਿਆ ਜਾ ਰਿਹਾ ਹੈ, ਨਾ ਸਪਰੇਅ

ਕਰਵਾਈ ਜਾ ਰਹੀ ਹੈ ਅਤੇ ਨਾ ਹੀ ਫਾਗਿੰਗ ਹੋ ਰਹੀ ਹੈ ।ਇਸ ਤੋਂ ਇਲਾਵਾ ਉਹਨਾਂ ਕਿਹਾ ਕਿ ਫਰੈਂਡਜ਼ ਕਲੋਨੀ ਵਿਖੇ 7-8 ਘੋੜੇ ਆਵਾਰਾ ਫਿਰ ਰਹੇ ਹਨ ਜਿਸ ਕਰਕੇ ਲੋਕਾਂ ਵਿੱਚ ਡਰ ਦਾ ਮਾਹੌਲ ਬਣਿਆ ਹੋਇਆ ਹੈ ।

ਏ.ਐਚ.ਓ. ਵਲੋਂ ਦੱਸਿਆ ਗਿਆ ਕਿ ਫਾਗਿੰਗ ਕਰਵਾਉਣ ਦਾ ਸਮਾਂ ਅਜੇ ਨਹੀਂ ਹੈ ਕਿਉਂ ਜ਼ੋ ਮਲੇਰਿਆ ਵਿਭਾਗ, ਸਿਵਲ ਹਸਪਤਾਲ ਤੋ ਜਦ ਇੰਸਟਰਕਸ਼ਨਸ ਜਾਰੀ ਹੁੰਦੀਆਂ ਹਨ ਤਾਂ ਫਾਗਿੰਗ ਸ਼ੁਰੂ ਕਰਵਾ ਦਿੱਤੀ ਜਾਂਦੀ ਹੈ । ਉਹਨਾਂ ਆਸ਼ਵਾਸਨ ਦਿੱਤਾ ਕਿ ਸਪਰੇਅ ਕਰਵਾ ਦਿੱਤੀ ਜਾਵੇਗੀ ।

ਕਮਿਸ਼ਨਰ ਜੀ ਨੇ ਸਮੂਹ ਕੌਂਸਲਰਾਂ ਨੂੰ ਕਿਹਾ ਕਿ ਫਾਗਿੰਗ ਸਬੰਧੀ ਵਾਰਡਵਾਈਜ਼ ਐਕਸ਼ਨ ਪਲੈਨ ਤਿਆਰ ਕਰਕੇ ਸਾਰੇ ਕੌਂਸਲਰਾਂ ਨੂੰ ਦੱਸ ਦਿੱਤਾ ਜਾਵੇਗਾ ਅਤੇ ਇੰਮਪਲੀਮੈਂਟ ਕਰਵਾਇਆ ਜਾਵੇਗਾ ।

ਮੇਅਰ ਜੀ ਨੇ ਏ.ਐਚ.ਓ. ਨੂੰ ਸ੍ਰੀ ਵਿਪਨ ਚੱਢਾ, ਕੌਂਸਲਰ ਦੇ ਏਰੀਏ ਵਿੱਚ ਵੀ ਸਪਰੇਅ ਕਰਵਾਉਣ ਲਈ ਹਦਾਇਤ ਕੀਤੀ ।

ਸ੍ਰੀ ਪਰਮਜੀਤ ਸਿੰਘ ਰੇਰੂ, ਕੌਂਸਲਰ ਵਾਰਡ ਨੰ: 4 ਵਲੋਂ ਦੱਸਿਆ ਗਿਆ ਕਿ ਸ਼ਨੀਵਾਰ ਨੂੰ ਉਹਨਾਂ ਦੇ ਇਲਾਕੇ ਦੇ ਇੱਕ ਮੋਟਰ ਖ਼ਰਾਬ ਹੋ ਗਈ ਸੀ ਅਤੇ ਜੇ.ਈ. ਨੂੰ ਫੋਨ ਕੀਤਾ ਗਿਆ ਤਾਂ ਉਸਦਾ ਜਵਾਬ ਸੀ ਕਿ ਇਲੈਕਟ੍ਰੀਸ਼ਿਨ ਦਾ ਫੋਨ ਸਵਿੱਚ ਆਫ ਹੈ । ਉਹਨਾਂ ਇਹ ਵੀ ਕਿਹਾ ਕਿ ਸੀਵਰੇਜ਼ ਦੀ ਕਾਫੀ ਮਾੜੀ ਹਾਲਤ ਹੈ । ਡਿਸਪੋਜ਼ਲ ਸਹੀ ਨਹੀਂ ਚਲ ਰਿਹਾ । ਜਦ ਤੱਕ ਜੈਤੇਵਾਲੀ ਐਸ.ਟੀ.ਪੀ. ਨਾਲ ਸੀਵਰੇਜ਼ ਨਹੀਂ ਜੁੜਦਾ ਤੱਦ ਤੱਕ ਧੋਗੜੀ ਰੋਡ ਵਾਲੇ ਸੀਵਰ ਨਾਲ ਹੀ ਜ਼ੋੜ ਦਿੱਤਾ ਜਾਵੇ । ਇਸ ਤੋਂ ਇਲਾਵਾ ਪਠਾਨਕੋਟ ਰੋਡ ਤੇ ਸਰਵਿਸ ਲੇਨ ਵਿੱਚ ਰੇਹੜੀਆਂ ਨੂੰ ਹਟਾਇਆ ਜਾਵੇ ਅਤੇ ਫੁਟਪਾਥ ਖਾਲੀ ਕਰਵਾਏ ਜਾਣ । ਇਸ ਸਬੰਧੀ ਮੇਅਰ ਜੀ ਨੇ ਤਹਿਬਜ਼ਾਰੀ ਸ਼ਾਖਾ ਨੂੰ ਅਗਲੀ ਮੀਟਿੰਗ ਤੋਂ ਪਹਿਲਾਂ ਪਹਿਲਾਂ ਇਹ ਕਾਰਵਾਈ ਕਰਨ ਲਈ ਆਦੇਸ਼ ਦਿੱਤੇ ।

ਸ੍ਰੀ ਪਰਮਜੀਤ ਸਿੰਘ ਰੇਰੂ, ਕੌਂਸਲਰ ਵਾਰਡ ਨੰ:4 ਵਲੋਂ ਇਹ ਮੁੱਦਾ ਵੀ ਉਠਾਇਆ ਗਿਆ ਕਿ ਸਵੱਛ ਭਾਰਤ ਮਿਸ਼ਨ ਅਧੀਨ 20 ਕਰੋੜ ਦੀ ਗ੍ਰਾਂਟ ਵਿੱਚ ਸਿਰਫ 2.71 ਕਰੋੜ ਰੁਪਏ ਹੀ ਖ਼ਰਚ ਕੀਤੇ ਗਏ ਹਨ ਅਤੇ ਸਿਰਫ ਇੱਕ ਸਾਲ ਰਹਿ ਗਿਆ ਹੈ । ਜੇਕਰ ਅਸੀਂ ਇਹ ਗ੍ਰਾਂਟ ਨਹੀਂ ਵਰਤੀ ਤਾਂ ਲੈਪਸ ਹੋ ਜਾਵੇਗੀ ।

ਏ.ਐਚ.ਓ. ਵਲੋਂ ਦੱਸਿਆ ਗਿਆ ਕਿ ਸਵੱਛ ਭਾਰਤ ਮਿਸ਼ਨ 2 ਅਕਤੂਬਰ, 2014 ਨੂੰ ਸ਼ੁਰੂ ਹੋਇਆ ਸੀ ਅਤੇ ਇਸ ਮਿਸ਼ਨ ਅਧੀਨ ਪੰਜ ਸਾਲਾਂ ਵਾਸਤੇ ਗ੍ਰਾਂਟ ਆਉਣੀ ਸੀ । ਕੁਝ ਪ੍ਰੋਜੈਕਟ ਇਸ ਮਿਸ਼ਨ ਅਧੀਨ ਚੰਡੀਗੜ੍ਹ ਪੀ.ਐਮ.ਆਈ.ਡੀ.ਸੀ. ਪਾਸ ਵੈਟ ਹੋਣ ਲਈ ਭੇਜੇ ਹੋਏ ਹਨ ।

ਸ੍ਰੀ ਮਦਨ ਲਾਲ, ਕੌਂਸਲਰ ਵਾਰਡ ਨੰ: 74 ਵਲੋਂ ਦੱਸਿਆ ਗਿਆ ਕਿ ਉਹਨਾਂ ਨੂੰ 14 ਸਫਾਈ ਸੇਵਕ ਅਲਾਟ ਹਨ ਜਿਨ੍ਹਾਂ ਵਿੱਚੋਂ 13 ਔਰਤਾਂ ਹੀ ਹਨ ਅਤੇ ਸੁਪਰਵਾਈਜ਼ਰ ਵੀ ਔਰਤ ਹੀ ਹੈ । ਉਹਨਾਂ ਨੂੰ ਮੇਲ ਸਫਾਈ ਕਰਮਚਾਰੀ ਦਿੱਤੇ ਜਾਣ। ਉਹਨਾਂ ਦੀ ਵਾਰਡ 6 ਕਿਲੋਮੀਟਰ ਲੰਮੀ ਹੈ, ਇਸ ਲਈ ਸਫਾਈ ਸੇਵਕ ਵਧਾਏ ਜਾਣ ।

ਏ.ਐਚ.ਓ. ਵਲੋਂ ਦੱਸਿਆ ਗਿਆ ਕਿ 1 ਕਿਲੋਮੀਟਰ ਲਈ ਇੱਕ ਮੇਲ ਕਰਮਚਾਰੀ , 800 ਮੀਟਰ ਲਈ ਇੱਕ ਫੀਮੇਲ ਕਰਮਚਾਰੀ ਅਤੇ ਸੜਕਾਂ ਦੀ ਚੋੜਾਈ 20 ਫੁੱਟ ਦੀਆਂ ਸਰਕਾਰੀ ਹਦਾਇਤਾਂ ਹਨ । ਪਹਿਲਾਂ 60 ਵਾਰਡ ਹੁੰਦੇ ਸੀ ਅਤੇ ਹੁਣ 80 ਵਾਰਡ ਹੋ ਚੁੱਕੇ ਹਨ ।

ਸਹੀ/- ਜਗਦੀਸ਼ ਰਾਜ ਰਾਜਾ, ਮੇਅਰ
23.7.2018

ਮੇਅਰ ਜੀ ਨੇ ਏ.ਐਚ.ਓ. ਨੂੰ ਕਿਹਾ ਕਿ ਉਹਨਾਂ ਵਲੋਂ ਤੁਹਾਨੂੰ ਕਿਹਾ ਗਿਆ ਸੀ ਕਿ ਕੌਂਸਲਰਾਂ ਨੂੰ ਨਾਂਲ ਲੈ ਕੇ ਦੋ ਵਾਰ ਹਾਜ਼ਰੀ ਯਕੀਨੀ ਬਣਾਈ ਜਾਵੇ । ਇਸ ਸਬੰਧੀ ਉਹਨਾਂ ਸ੍ਰੀਮਤੀ ਗੁਰਵਿੰਦਰ ਕੌਰ ਰੰਧਾਵਾ, ਸੰਯੁਕਤ ਕਮਿਸ਼ਨਰ ਨੂੰ ਜਵਾਬ ਦੇਣ ਲਈ ਕਿਹਾ ਗਿਆ ।

ਸ੍ਰੀਮਤੀ ਗੁਰਵਿੰਦਰ ਕੌਰ ਰੰਧਾਵਾ, ਸੰਯੁਕਤ ਕਮਿਸ਼ਨਰ ਨੇ ਦੱਸਿਆ ਕਿ ਹੈਲਥ ਵਿਭਾਗ ਵਿੱਚ 2 ਚੀਫ ਸੈਨੇਟਰੀ ਇੰਸਪੈਕਟਰ ਅਤੇ 12 ਸੈਨੇਟਰੀ ਇੰਸਪੈਕਟਰ ਹਨ ਅਤੇ ਜ਼ਿਆਦਾਤਰ ਜਲੰਧਰ ਤੋਂ ਬਾਹਰੋਂ ਆਉਂਦੇ ਹਨ ।

ਮੇਅਰ ਜੀ ਨੇ ਪੁੱਛਿਆ ਕਿ ਕੋਈ ਵੀ ਅਧਿਕਾਰੀ ਜਾਂ ਕਰਮਚਾਰੀ ਕਮਿਸ਼ਨਰ ਜੀ ਜਾਂ ਤੁਹਾਡੇ ਹੁਕਮਾਂ ਬਿਨਾਂ ਸਟੇਸ਼ਨ ਨਹੀਂ ਛੱਡ ਸਕਦਾ । ਉਹਨਾਂ ਸੰਯੁਕਤ ਕਮਿਸ਼ਨਰ (ਆਰ) ਨੂੰ ਹਦਾਇਤ ਕੀਤੀ ਕਿ ਇੱਕ ਹਫ਼ਤੇ ਦੇ ਅੰਦਰ ਅੰਦਰ ਕੌਂਸਲਰਾਂ ਨੂੰ ਨਾਲ ਲੈ ਕੇ ਦੋ ਵਾਰ ਸਫਾਈ ਕਰਮਚਾਰੀਆਂ ਦੀ ਹਾਜ਼ਰੀ ਚੈਕ ਕੀਤੀ ਜਾਵੇ ਅਤੇ ਜਿਹੜੇ ਗੈਰ ਹਾਜ਼ਰ ਪਾਏ ਜਾਂਦੇ ਹਨ, ਦੀ ਗੈਰ ਹਾਜ਼ਰੀ ਲਗਾਈ ਜਾਵੇ । ਬਰਸਾਤਾਂ ਦਾ ਮੌਸਮ ਹੈ, ਬਿਮਾਰੀਆਂ ਫੈਲਣ ਦਾ ਡਰ ਰਹਿੰਦਾ ਹੈ । ਉਹਨਾਂ ਕਮਿਸ਼ਨਰ ਜੀ ਨੂੰ ਕਿਹਾ ਕਿ ਉਹ ਸਖ਼ਤ ਹਦਾਇਤਾਂ ਜਾਰੀ ਕਰਨ ਕਿ ਸਾਰੇ ਅਧਿਕਾਰੀ ਅਤੇ ਕਰਮਚਾਰੀ ਆਪੋ ਆਪਣੀਆਂ ਸੇਵਾਵਾਂ ਸਹੀ ਅਤੇ ਸੁਚੱਜੇ ਢੰਗ ਨਾਲ ਨਿਭਾਉਣ ।

ਸ੍ਰੀਮਤੀ ਗੁਰਵਿੰਦਰ ਕੌਰ ਰੰਧਾਵਾ, ਸੰਯੁਕਤ ਕਮਿਸ਼ਨਰ ਨੇ ਦੱਸਿਆ ਕਿ ਉਹਨਾਂ ਵਲੋਂ ਵਿਧਾਨ ਸਭਾ ਵਾਈਜ਼ ਕੰਮ ਨੂੰ ਵੰਡ ਦਿੱਤਾ ਗਿਆ ਹੈ ।

ਸ੍ਰੀਮਤੀ ਕੰਵਲਜੀਤ ਕੌਰ ਗੁੱਲੂ, ਕੌਂਸਲਰ ਵਾਰਡ ਨੰ: 67 ਵਲੋਂ ਕਿਹਾ ਗਿਆ ਕਿ ਦੁਰਗਾ ਕਲੋਨੀ, ਬੀ.ਐਸ.ਐਫ. ਕਲੋਨੀ ਵਿਖੇ ਸਫਾਈ ਨਹੀਂ ਹੋ ਰਹੀ । 15-15 ਦਿਨਾਂ ਬਾਅਦ ਵੀ ਸ਼ਿਕਾਇਤਾਂ ਦੂਰ ਨਹੀਂ ਹੋ ਰਹੀਆਂ । ਸਾਈਂ ਦਾਸ ਸਕੂਲ ਨੇੜੇ ਡੰਪ ਨੂੰ ਨਹੀਂ ਹਟਾਇਆ ਜਾ ਰਿਹਾ ਹੈ ।

ਮੇਅਰ ਜੀ ਨੇ ਕਿ ਸਫਾਈ ਸਬੰਧੀ ਜਿਵੇਂ ਕਿ ਮੈਡਮ ਰੰਧਾਵਾ ਨੂੰ ਹਦਾਇਤ ਕਰ ਦਿੱਤੀ ਗਈ ਹੈ ਕਿ ਇੱਕ ਹਫ਼ਤੇ ਦੇ ਅੰਦਰ ਅੰਦਰ ਕੌਂਸਲਰਾਂ ਨੂੰ ਨਾਲ ਲੈ ਕੇ ਦੋ ਵਾਰ ਸਫਾਈ ਕਰਮਚਾਰੀਆਂ ਦੀ ਹਾਜ਼ਰੀ ਚੈਕ ਕੀਤੀ ਜਾਵੇ । ਜਿੱਥੋਂ ਤੱਕ ਡੰਪ ਦਾ ਸਵਾਲ ਹੈ, ਅਸੀਂ ਉਸ ਇਲਾਕੇ ਦੇ ਨਾਲ ਲੱਗਦੇ 4-5 ਕੌਂਸਲਰਾਂ ਨੂੰ ਨਾਲ ਲੈ ਕੇ ਐਮ.ਐਲ.ਏ. ਸਾਹਿਬ ਨਾਲ ਮੀਟਿੰਗ ਜਲਦ ਕਰ ਲਵਾਂਗੇ ਤਾਂ ਜ਼ੋ ਇਸ ਦਾ ਹਲ ਹੋ ਸਕੇ ।

ਸ੍ਰੀ ਤਰਸੇਮ ਸਿੰਘ ਲਖੋਤਰਾ, ਕੌਂਸਲਰ ਵਾਰਡ ਨੰ: 34 ਵਲੋਂ ਮੁੱਦਾ ਉਠਾਇਆ ਗਿਆ ਕਿ ਜਨਮ ਅਤੇ ਮੌਤ ਸ਼ਾਖਾ ਦੇ ਦੋ ਦਫ਼ਤਰ ਇੱਕ ਬਿਲਡਿੰਗ ਦੀ ਬੇਸਮੈਂਟ ਵਿੱਚ ਹੈ ਅਤੇ ਦੂਜਾ ਤੀਜੀ ਮੰਜ਼ਲ ਤੇ ਹੈ । ਜਿਸ ਕਰਕੇ ਲੋਕਾਂ ਨੂੰ ਬਹੁਤ ਪਰੇਸ਼ਾਨੀ ਹੋ ਰਹੀ ਹੈ, ਇਸ ਨੂੰ ਇੱਕੋ ਥਾਂ ਤੇ ਕੀਤਾ ਜਾਵੇ ।ਇਸ ਤੋਂ ਇਲਾਵਾ ਭਾਰਗੋ ਕੈਂਪ ਦੇ ਟਿਊਬਵੈਲ ਦਾ ਟੈਂਡਰ ਲਗਾਉਣ ਲਈ ਵੀ ਕਿਹਾ ।

ਮੇਅਰ ਜੀ ਨੇ ਸੰਯੁਕਤ ਕਮਿਸ਼ਨਰ (ਆਰ) ਅਤੇ ਡਾ: ਮਧੂ ਭਾਰਦਵਾਜ, ਸਹਾਇਕ ਸਿਹਤ ਅਫ਼ਸਰ ਨੂੰ ਇਸ ਸਬੰਧੀ ਕਾਰਵਾਈ ਕਰਨ ਲਈ ਹਦਾਇਤ ਕੀਤੀ ।

ਸ੍ਰੀ ਗੁਰਵਿੰਦਰ ਪਾਲ ਸਿੰਘ ਬੰਟੀ ਨੀਲਕੰਠ, ਕੌਂਸਲਰ ਵਾਰਡ ਨੰ: 68 ਵਲੋਂ ਕਿਹਾ ਗਿਆ ਕਿ ਸਬਜੀ ਮੰਡੀ ਦੇ ਬਾਹਰ ਮੋਬਾਇਲ ਦੁਕਾਨਾਂ ਜਿਹੜੀਆਂ ਕਿ ਪਹਿਲਾਂ 9'×10' ਦੀਆਂ ਸਨ ਅੱਜ 9'×20' ਦੀਆਂ ਪੱਕੇ ਲੈਂਟਰ ਪਾ ਕੇ ਅਤੇ ਥੜੇ ਬਨਾ ਕੇ ਪੱਕੇ ਸ਼ਟਰ ਲਗਾ ਕੇ ਕਬਜੇ ਕੀਤੇ ਜਾ ਰਹੇ ਹਨ ਅਤੇ ਇਹ ਸਾਰਾ ਸ੍ਰੀ ਰੁਪਿੰਦਰ ਸਿੰਘ ਟਿਵਾਣਾ, ਬਿਲਡਿੰਗ ਇੰਸਪੈਕਟਰ ਦੀ ਮਿਲੀਭੁਗਤ ਨਾਲ ਹੋਇਆ ਹੈ । ਇਸ ਦਾ ਜਵਾਬ ਅਗਲੀ ਮੀਟਿੰਗ ਵਿੱਚ ਦਿੱਤਾ ਜਾਵੇ ।

ਮੇਅਰ ਜੀ ਨੇ ਇਸ ਸਬੰਧੀ ਤਹਿਬਜ਼ਾਰੀ ਸ਼ਾਖਾ ਅਤੇ ਬਿਲਡਿੰਗ ਸ਼ਾਖਾ ਨੂੰ ਅਗਲੀ ਮੀਟਿੰਗ ਵਿੱਚ ਜਵਾਬ ਦੇਣ ਲਈ ਹਦਾਇਤ ਕੀਤੀ ।

ਸਹੀ/- ਜਗਦੀਸ਼ ਰਾਜ ਰਾਜਾ, ਮੇਅਰ
23.7.2018

ਸ੍ਰੀ ਗੁਰਵਿੰਦਰ ਪਾਲ ਸਿੰਘ ਬੰਟੀ ਨੀਲਕੰਠ, ਕੌਂਸਲਰ ਵਾਰਡ ਨੰ: 68 ਵਲੋਂ ਇਹ ਵੀ ਕਿਹਾ ਗਿਆ ਕਿ ਸਬਜੀ ਮੰਡੀ ਦੇ ਬਾਹਰ ਫਰੂਟ ਅਤੇ ਸਬਜੀਆਂ ਵਾਲੀਆਂ ਰੇਹੜੀਆਂ ਤੋਂ ਰਿਟਾਇਰਡ ਕਰਮਚਾਰੀ 500-500 ਅਤੇ 1000-1000 ਰੁਪਏ ਲੈ ਰਹੇ ਹਨ ਅਤੇ ਦੋ-ਦੋ ਪਰਚੀਆਂ ਛਪਵਾਈਆਂ ਹੋਈਆਂ ਹਨ ।ਇਸ ਤੋਂ ਇਲਾਵਾ 2017-2018 ਵਿੱਚ ਕਿੰਨੀਆਂ ਰੇਹੜੀਆਂ ਨੂੰ ਨਗਰ ਨਿਗਮ ਦੀ ਰਿਕਸ਼ਾ ਟਾਂਗਾ ਸ਼ਾਖਾ ਵਲੋਂ ਪਲੇਟਾ ਜਾਰੀ ਕੀਤੀਆਂ ਗਈਆਂ ਹਨ ਅਤੇ ਕਿੰਨੀ ਆਮਦਨ ਆਈ ਹੈ, ਸਬੰਧੀ ਦੱਸਿਆ ਜਾਵੇ ।

ਮੇਅਰ ਜੀ ਨੇ ਸਮੂਹ ਹਾਊਸ ਨੂੰ ਬੇਨਤੀ ਕੀਤੀ ਕਿ ਅਸੀਂ ਸਟਰੀਟ ਵੈਂਡਿੰਗ ਪਾਲਿਸੀ ਤੇ ਜ਼ੋਰ ਪਾਈਏ ਜਿਸ ਲਈ ਸਾਰੇ ਕੌਂਸਲਰ ਸਹਿਯੋਗ ਦੇਣ ।

ਮੇਅਰ ਜੀ ਨੇ ਕਿਹਾ ਕਿ ਸਾਰੇ ਅਧਿਕਾਰੀ ਨੋਟ ਕਰ ਲੈਣ ਕਿ ਰੈਗੁਲਰ ਮੀਟਿੰਗ ਹੋਣੀ ਹੈ । ਇਸ ਲਈ ਆਪਣੇ ਆਪਣੇ ਜਵਾਬ ਨਾਲ ਲੈ ਕੇ ਆਇਆ ਕਰਨ । ਇਸ ਤੋਂ ਇਲਾਵਾ ਓ ਐਂਡ ਐਮ, ਪ੍ਰਾਪਰਟੀ ਟੈਕਸ, ਐਡਵਰਟਾਈਜ਼ਮੈਂਟ, ਤਹਿਬਜ਼ਾਰੀ ਸ਼ਾਖਾ ਦੀਆਂ ਰਿਕਵਰੀ ਸਬੰਧੀ ਰੈਗੁਲਰ ਮੀਟਿੰਗ ਕੀਤੀਆਂ ਜਾਇਆ ਕਰਨ । ਉਹਨਾਂ ਇਹ ਵੀ ਕਿਹਾ ਕਿ ਲਾਇਸੈਂਸ ਸ਼ਾਖਾ ਵਿੱਚ ਕੁਝ ਖਾਸ ਕੰਮ ਨਹੀਂ ਹੁੰਦਾ ਅਤੇ ਪ੍ਰਾਪਰਟੀ ਟੈਕਸ ਸ਼ਾਖਾ ਵਿੱਚ ਸਟਾਫ ਦੀ ਘਾਟ ਹੈ । ਉਹਨਾਂ ਕਿਹਾ ਕਿ ਪ੍ਰਾਪਰਟੀ ਟੈਕਸ ਸ਼ਾਖਾ ਅਤੇ ਲਾਇਸੈਂਸ ਸ਼ਾਖਾ ਫੀਲਡ ਸਟਾਫ ਹੀ ਹੈ, ਇਸ ਲਈ ਇਹਨਾਂ ਦੋਵੇ ਸ਼ਾਖਾਵਾਂ ਨੂੰ ਆਪਸ ਵਿੱਚ ਮਰਜ ਕਰ ਦਿੱਤਾ ਜਾਵੇ ਤਾਂ ਜ਼ੋ ਪ੍ਰਾਪਰਟੀ ਟੈਕਸ ਸ਼ਾਖਾ ਦੀ ਆਮਦਨ ਵੀ ਵਧ ਸਕੇ ।ਉਹਨਾਂ ਕਮਿਸ਼ਨਰ ਜੀ ਨੂੰ ਇਸ ਸਬੰਧੀ ਇੱਕ ਹਫ਼ਤੇ ਦੇ ਅੰਦਰ ਅੰਦਰ ਹੁਕਮ ਜਾਰੀ ਕਰਨ ਲਈ ਕਿਹਾ ।

ਸ੍ਰੀ ਗੁਰਵਿੰਦਰ ਪਾਲ ਸਿੰਘ ਬੰਟੀ ਨੀਲਕੰਠ, ਕੌਂਸਲਰ ਵਾਰਡ ਨੰ: 68 ਵਲੋਂ ਦੱਸਿਆ ਗਿਆ ਕਿ ਸਬਜੀ ਮੰਡੀ ਰੋਡ ਤੋਂ ਅਗਰਵਾਲ ਭਵਨ ਵਾਲੀ ਸੜਕ ਤੇ ਅਜੇ ਵੀ ਕਈ ਟਰਾਂਸਪੋਰਟਾਂ ਦੇ ਦਫ਼ਤਰ ਹਨ, ਇਹਨਾਂ ਨੂੰ ਟਰਾਂਸਪੋਰਟ ਨਗਰ ਵਿਖੇ ਸ਼ਿਫਟ ਕੀਤਾ ਜਾਵੇ ਕਿਉਂ ਜ਼ੋ ਇੱਕ ਤਾਂ ਇਹਨਾਂ ਕਰਕੇ ਟਰੈਫਿਕ ਦੀ ਸੱਮਸਿਆ ਰਹਿੰਦੀ ਹੈ, ਦੂਜਾ ਹੈਵੀ ਵਹੀਕਲਾਂ ਕਾਰਣ ਸੜਕਾਂ ਦਾ ਵੀ ਨੁਕਸਾਨ ਹੁੰਦਾ ਹੈ । ਉਹਨਾਂ ਕਪੂਰਥਲਾ ਚੌਂਕ ਨੇੜੇ ਰੇਤਾ ਬਜਰੀ ਅਤੇ ਟੈਕਸੀ ਸਟੈਂਡਾ ਦਾ ਵੀ ਮੁੱਦਾ ਉਠਾਇਆ । ਜਿਸ ਤੇ ਮੇਅਰ ਜੀ ਨੇ ਸੁਪਰਡੰਟ ਤਹਿਬਜ਼ਾਰੀ ਨੂੰ ਕਾਰਵਾਈ ਕਰਨ ਲਈ ਆਦੇਸ਼ ਦਿੱਤੇ ।

ਸ੍ਰੀ ਗੁਰਵਿੰਦਰ ਪਾਲ ਸਿੰਘ ਬੰਟੀ ਨੀਲਕੰਠ, ਕੌਂਸਲਰ ਵਾਰਡ ਨੰ: 68 ਵਲੋ ਕਿਹਾ ਗਿਆ ਕਿ ਜ਼ੋਸ਼ੀ ਹਸਪਤਾਲ, ਸਿਗਮਾ ਹਸਪਤਾਲ ਅਤੇ ਪਸਰੀਚਾ ਹਸਪਤਾਲ ਆਦਿ ਵਾਲਿਆਂ ਨੇ ਪਾਰਕਿੰਗ ਵਾਲੀ ਥਾਂ ਤੇ ਹਸਪਤਾਲ ਬਨਾਏ ਹੋਏ ਹਨ ਜਿਸ ਕਰਕੇ ਪਾਰਕਿੰਗ ਦੀ ਬਹੁਤ ਵੱਡੀ ਸੱਮਸਿਆ ਹੈ । ਇਸ ਤੋਂ ਇਲਾਵਾ ਅਵਤਾਰ ਨਗਰ ਰੋਡ ਤੇ ਰੇਤਾ ਬਜਰੀ ਦੀਆਂ ਟਰਾਲੀਆਂ ਖੜੀਆਂ ਰਹਿੰਦੀਆਂ ਹਨ ਜ਼ੋ ਕਿ ਦੁਰਘਟਨਾਵਾਂ ਦਾ ਕਾਰਣ ਬਣਦੀਆਂ ਹਨ । ਇਸ ਤੇ ਮੇਅਰ ਜੀ ਨੇ ਕਮਿਸ਼ਨਰ ਜੀ ਨੂੰ ਇਸ ਸਬੰਧੀ ਪੁਲਿਸ ਕਮਿਸ਼ਨਰ ਨੂੰ ਪੱਤਰ ਲਿਖਣ ਲਈ ਕਿਹਾ ।

ਸਹੀ/- ਜਗਦੀਸ਼ ਰਾਜ ਰਾਜਾ, ਮੇਅਰ
23.7.2018

ਸ੍ਰੀ ਸੁਸ਼ੀਲ ਕੁਮਾਰ, ਕੌਂਸਲਰ ਵਾਰਡ ਨੰ: 2 ਵਲੋਂ ਦੱਸਿਆ ਗਿਆ ਕਿ ਗੁਰੂ ਅਮਰਦਾਸ ਨਗਰ ਪੈਟਰੋਲ ਪੰਪ ਦੀ ਬੈਕਸਾਈਡ ਤੇ ਨਵਾਂ ਡੰਪ ਬਣ ਰਿਹਾ ਹੈ । ਕੂੜੇ ਦੀਆਂ ਟਰਾਲੀਆਂ ਵਰਿਆਣਾ ਡੰਪ ਦੀ ਬਜਾਏ ਉਥੇ ਹੀ ਸੁਟੀਆ ਜਾ ਰਹੀਆਂ ਹਨ। ਇਸ ਤੋਂ ਇਲਾਵਾ ਆਲੇ-ਦੁਆਲ਼ੇ ਦੇ ਲੋਕ ਵੀ ਕੂੜਾ ਸੁੱਟ ਰਹੇ ਹਨ । ਸਫਾਈ ਕਰਮਚਾਰੀ 8 ਘੰਟੇ ਦੀ ਪੂਰੀ ਡਿਊਟੀ ਨਹੀਂ ਕਰ ਕਰੇ ਹਨ ।ਕਾਲੀਆ ਕਲੋਨੀ, ਗੁਰੂ ਅਮਰਦਾਸ ਨਗਰ ਵਿਖੇ ਰੋਡ ਗਲੀਆਂ ਦੀ ਸਫਾਈ ਨਹੀਂ ਹੋ ਰਹੀ । ਫੋਕਲ ਪੁਆਇੰਟ ਤੋਂ ਟਰਾਂਸਪੋਰਟ ਨਗਰ ਤੱਕ ਐਕਸੀਡੈਂਟਾਂ ਦੇ ਮੂਲ ਕਾਰਣ ਰੇਹੜੀਆਂ ਹਨ ਜਿਹਨਾਂ ਦੀ ਕੋਈ ਚੈਕਿੰਗ ਨਹੀਂ ਹੈ। ਉਥੇ ਪ੍ਰਾਈਵੇਟ ਵਿਅੱਕਤੀ ਲਾਈਟਾਂ ਦਾ ਅਰੇਂਜਮੈਂਟ ਅਤੇ ਸਫਾਈ ਦਾ ਅਰੇਂਜਮੈਂਟ ਕਰਕੇ ਰੇਹੜੀਆਂ ਵਾਲਿਆਂ ਤੋਂ ਵਸੂਲੀ ਕਰ ਰਹੇ ਹਨ । ਸ਼ਹਿਰ ਅੰਦਰ ਬਣੇ ਬਸ ਕਿਊ ਸ਼ੈਲਟਰਾਂ ਤੇ ਜਿਹੜੀ ਵਿਗਿਆਪਣਬਾਜ਼ੀ ਹੋ ਰਹੀ ਹੈ, ਉਸਦੇ ਪੈਸੇ ਕਿੱਥੇ ਜਾ ਰਹੇ ਹਨ । ਸੈਨਿਕ ਵਿਹਾਰ, ਵਾਰਡ ਨੰ: 10 ਤੱਲ੍ਹਣ ਰੋਡ ਤੇ ਨਜਾਇਜ਼ ਕਲੋਨੀ ਕੱਟੀ ਜਾ ਰਹੀ ਹੈ । ਡੇਢ ਮਹੀਨੇ ਤੋਂ ਕੰਮ ਚਲ ਰਿਹਾ ਹੈ ਜਾਂਚ ਕੀਤੀ ਜਾਵੇ ।

ਇਸੇ ਦੌਰਾਣ ਸ੍ਰੀ ਰਵਿੰਦਰ ਕੁਮਾਰ ਜੁਨੇਜਾ, ਕੌਂਸਲਰ ਵਾਰਡ ਨੰ:24 ਨੇ ਕਿਹਾ ਕਿ ਗੜਾ ਸਕੂਲ ਦੇ ਬਾਹਰ ਜਿਹੜੀਆਂ ਨਜਾਇਜ਼ ਦੁਕਾਨਾ ਹਨ, ਉਹ ਬੀ.ਜੇ.ਪੀ. ਵਾਲਿਆਂ ਦੀਆਂ ਕਿਵੇਂ ਬਣੀਆਂ ਹਨ ।

ਸ੍ਰੀ ਤਰਸੇਮ ਸਿੰਘ ਲਖੋਤਰਾ, ਕੌਂਸਲਰ ਵਾਰਡ ਨੰ: 34 ਵਲੋਂ ਕਿਹਾ ਗਿਆ ਕਿ ਪਿਛਲੇ 10 ਸਾਲਾਂ ਦੇ ਵਿਗੜੇ ਕੰਮਾਂ ਨੂੰ ਠੀਕ ਕਰਨ ਲਈ ਮੇਅਰ ਜੀ ਨੂੰ ਹੋਰ ਛੇ ਮਹੀਨੇ ਦਾ ਸਮਾਂ ਦਿੱਤਾ ਜਾਵੇ ।ਇਸ ਤੇ ਮੇਅਰ ਜੀ ਨੇ ਦੱਸਿਆ ਕਿ ਸਾਰੇ ਸਕੈਂਡਲ ਬਾਹਰ ਆਉਣਗੇ ।

ਸ੍ਰੀ ਰਵਿੰਦਰ ਕੁਮਾਰ ਜੁਨੇਜਾ, ਕੌਂਸਲਰ ਵਾਰਡ ਨੰ: 24 ਨੇ ਕਿਹਾ ਕਿ ਉਹਨਾਂ ਦੇ ਵਾਰਡ ਅਰਬਨ ਅਸਟੇਟ ਫੇਸ.1 ਵਿੱਚ ਸਵੇਰੇ ਡੇਲੀ ਲੇਬਰ ਖੜੀ ਹੁੰਦੀ ਹੈ ਅਤੇ ਗਰਮੀ ਅਤੇ ਬਰਸਾਤਾਂ ਦਾ ਮੌਸਮ ਹੋਣ ਕਰਕੇ ਉਥੇ ਸ਼ੈਡ ਬਨਵਾ ਦਿੱਤਾ ਜਾਵੇ ਜਿਸ ਲਈ ਜਗਾਂ ਵੀ ਹੈ ਤਾਂ ਮੇਅਰ ਜੀ ਨੇ ਉਹਨਾਂ ਨੂੰ ਲਿਖ ਕੇ ਦੇਣ ਲਈ ਕਿਹਾ।

ਸ੍ਰੀ ਰਵਿੰਦਰ ਕੁਮਾਰ ਜੁਨੇਜਾ, ਕੌਂਸਲਰ ਵਾਰਡ ਨੰ:24 ਵਲੋਂ ਇਹ ਵੀ ਕਿਹਾ ਗਿਆ ਕਿ ਉਹਨਾਂ ਨੇ ਸ੍ਰੀ ਪਰਗਟ ਸਿੰਘ, ਐਮ.ਐਲ.ਏ. ਜੀ ਨੂੰ ਬੇਨਤੀ ਕੀਤੀ ਸੀ ਕਿ ਅੰਬੇਡਕਰ ਪਾਰਕ ਵਿੱਚ ਬਾਬਾ ਸਾਹਿਬ ਡਾ:ਬੀ.ਆਰ.ਅੰਬੇਡਕਰ ਜੀ ਦੀ ਮੂਰਤੀ ਲਗਾਈ ਜਾਵੇ ਜਿਸ ਸਬੰਧੀ ਤੁਹਾਨੂੰ ਪੱਤਰ ਵੀ ਦਿੱਤਾ ਸੀ । ਮਾਇਰ ਵਰਲਡ ਸਕੂਲ, ਕੈਮਬ੍ਰਿਜ ਸਕੂਲ, ਡਿਪਸ ਸਕੂਲ ਨੂੰ ਸਰਕਾਰ ਵਲੋਂ ਬਹੁਤ ਘੱਟ ਰੇਟਾਂ ਤੇ ਜਗਾ ਦਿੱਤੀ ਗਈ ਹੈ ਅਤੇ ਮਾਨਯੋਗ ਸੁਪਰੀਮ ਕੋਰਟ ਦੇ ਹੁਕਮ ਹਨ ਕਿ ਅਜਿਹੇ ਸਕੂਲਾਂ ਵਿੱਚ ਗਰੀਬ ਬੱਚਿਆਂ ਨੂੰ ਵੀ ਦਾਖਲਾ ਦਿੱਤਾ ਜਾਵੇ । ਉਸੇ ਤਰਾਂ ਫੋਰਟਿਸ ਹਸਪਤਾਲ ਅਤੇ ਬਾਕੀ ਦੇ ਵੱਡੇ ਹਸਪਤਾਲਾਂ ਵਿੱਚ ਵੀ ਗਰੀਬ ਲੋਕਾਂ ਦੇ ਇਲਾਜ ਹੋਣੇ ਚਾਹੀਦੇ ਹਨ । ਉਹਨਾਂ ਇਹ ਵੀ ਕਿਹਾ ਕਿ ਉਹਨਾਂ ਦੇ ਵਾਰਡ ਵਿੱਚ ਕਿੰਨੀਆਂ ਦੁਕਾਨਾਂ ਨੂੰ ਲਾਇਸੈਂਸ ਜਾਰੀ ਹੋਏ ਹਨ, ਦੀ ਡਿਟੇਲ ਦਿੱਤੀ ਜਾਵੇ ਅਤੇ ਅਜਿਹਾ ਰਿਕਾਰਡ ਆਨਲਾਈਨ ਕੀਤਾ ਜਾਵੇ ।ਸੀਵਰੇਜ਼ ਦੀ ਗਾਰ ਕਈ ਕਈ ਦਿਨ ਤੱਕ ਚੁੱਕੀ ਨਹੀਂ ਜਾਂਦੀ । ਆਵਾਰਾ ਕੁੱਤਿਆਂ ਲਈ 50-50 ਵਾਰ ਫੋਨ ਕਰਨੇ ਪੈਂਦੇ ਹਨ । ਇਸ ਤੇ ਮੇਅਰ ਜੀ ਨੇ ਐਸ.ਈ. (ਬੀ ਐਂਡ ਆਰ) ਨੂੰ ਪੁੱਛਿਆ ਕਿ ਤੁਸੀਂ ਅਜੇ ਤੱਕ ਆਵਾਰਾ ਕੁੱਤਿਆਂ ਦੇ ਟੈਂਡਰ ਲਗਾਉਣ ਲਈ ਸ਼ਰਤਾਂ ਹੀ ਨਹੀਂ ਤਿਆਰ ਕਰ ਸਕੇ । ਤੁਹਾਡੇ ਵਿੱਚ ਇਨਸਾਨਿਅਤ ਨਹੀਂ ਹੈ । ਇਹ ਤੁਹਾਡੀ ਜਿੰਮੇਵਾਰੀ ਹੈ । ਜਿਸ ਤੇ ਐਸ.ਈ. ਨੇ ਕਿਹਾ ਕਿ 2 ਅੱਗਸਤ ਤੱਕ ਟੈਂਡਰ ਆ ਜਾਣਗੇ ।

ਸ੍ਰੀਮਤੀ ਬਬਿਤਾ ਰਾਣੀ, ਕੌਂਸਲਰ ਵਾਰਡ ਨੰ: 43 ਨੇ ਕਿਹਾ ਕਿ ਛੇ ਮਹੀਨੇ ਹੋ ਗਏ ਕੋਈ ਸਫਾਈ ਕਰਮਚਾਰੀ ਨਹੀਂ ਹੈ ਜਿਸ ਤੇ ਮੇਅਰ ਜੀ ਨੇ ਕਿਹਾ ਕਿ ਸਬੰਧਤ ਸੈਨੇਟਰੀ ਇੰਸਪੈਕਟਰ ਤੁਹਾਨੂੰ ਆ ਕੇ ਮਿਲੇਗਾ ।

ਸ੍ਰੀ ਵਿਪਨ ਚੱਢਾ, ਕੌਂਸਲਰ ਵਾਰਡ ਨੰ: 52 ਵਲੋਂ ਕਿਹਾ ਗਿਆ ਕਿ ਪੁਰਾਣੀ ਸਬਜੀ ਮੰਡੀ ਦੀ ਸਫਾਈ ਨਿਗਮ ਦੇ ਅਧਿਕਾਰ ਖੇਤਰ ਵਿੱਚ ਨਹੀਂ ਹੈ । ਉਸਨੂੰ ਨਗਰ ਨਿਗਮ ਦੇ ਅੰਦਰ ਲਿਆ ਜਾਵੇ ।

ਮੇਅਰ ਜੀ ਨੇ ਦੱਸਿਆ ਕਿ ਇਹ ਕੰਮ ਸਰਕਾਰ ਦੇ ਪੱਧਰ ਤੇ ਹੋਣ ਵਾਲਾ ਹੈ । ਤੁਸੀਂ ਐਮ.ਐਲ.ਏ. ਜੀ ਨੂੰ ਮਿਲੋ ਕਿਉਂ ਜ਼ੋ ਇਹ ਮੰਡੀ ਬੋਰਡ ਦੇ ਅਧੀਨ ਆਉਂਦੀ ਹੈ ਅਤੇ ਫੈਸਲਾ ਵੀ ਚੰਡੀਗੜ੍ਹ ਪੱਧਰ ਤੇ ਹੋਣਾ ਹੈ ।

ਸ੍ਰੀ ਵਿਪਨ ਚੱਢਾ, ਕੌਂਸਲਰ ਵਾਰਡ ਨੰ: 52 ਵਲੋਂ ਕਿਹਾ ਗਿਆ ਕਿ ਚਰਨਜੀਤ ਪੁਰਾ ਸਕੂਲ ਵਾਲਾ ਪਾਰਕ ਜਿਥੇ ਪਹਿਲਾਂ ਬੇਕਰੀ ਸੀ, ਅਤੇ ਨਗਰ ਨਿਗਮ ਦੇ ਰਿਕਾਰਡ ਵਿੱਚ ਐਮ.ਸੀ. ਗਡਾਉਣ ਲਿਖਿਆ ਹੋਇਆ ਹੈ, ਕਿਸੇ ਵਿਜੈ ਕੁਮਾਰ, ਐਨ.ਆਰ.ਆਈ. ਨੇ ਕਬਜਾ ਕੀਤਾ ਹੋਇਆ ਹੈ ।

ਮੇਅਰ ਜੀ ਨੇ ਦੱਸਿਆ ਕਿ ਇਹ ਐਨ.ਕੇ.. 128 ਪ੍ਰਾਪਰਟੀ ਹੈ ਅਤੇ ਅੱਜ ਇਸ ਦਾ ਕੀ ਸਟੇਟਸ ਹੈ । ਕਿਸਦਾ ਨਜਾਇਜ਼ ਕਬਜਾ ਹੈ, ਸਬੰਧੀ ਅਗਲੀ ਮੀਟਿੰਗ ਵਿੱਚ ਜਵਾਬ ਦਿੱਤਾ ਜਾਵੇ ।ਜੇ ਇਹ ਨਗਰ ਨਿਗਮ ਦੀ ਪ੍ਰਾਪਰਟੀ ਹੈ ਅਤੇ ਇਸ ਤੋਂ ਨਜਾਇਜ ਕਬਜਾ ਹਟਾਇਆ ਜਾਵੇ ।

ਸਹੀ/- ਜਗਦੀਸ਼ ਰਾਜ ਰਾਜਾ, ਮੇਅਰ
23.7.2018

ਸ੍ਰੀ ਵਿਪਨ ਚੱਢਾ, ਕੌਂਸਲਰ ਵਾਰਡ ਨੰ: 52 ਵਲੋਂ ਫਾਗਿੰਗ ਕਰਵਾਉਣ ਦੀ ਵੀ ਮੰਗ ਕੀਤੀ ਗਈ ਅਤੇ ਸਫਾਈ ਕਰਮਚਾਰੀਆਂ ਸਬੰਧੀ ਵੀ ਪੁੱਛਿਆ ਗਿਆ ।

ਸ੍ਰੀ ਪਰਮਜੋਤ ਸਿੰਘ ਸ਼ੈਰੀ ਚੱਢਾ, ਕੌਂਸਲਰ ਵਾਰਡ ਨੰ: 50 ਵਲੋਂ ਮੰਗ ਕੀਤੀ ਗਈ ਕਿ ਭਗਵਾਨ ਵਾਲਮੀਕਿ ਚੌਂਕ ਤੋਂ ਇਮਪੀਰਿਅਲ ਮੈਡੀਕਲ ਹਾਲ ਤੱਕ ਡਿਵਾਇਡਰ ਬਨਾ ਦਿੱਤਾ ਜਾਵੇ ਤਾਂ ਜ਼ੋ ਟਰੈਫਿਕ ਦੀ ਸੱਮਸਿਆ ਦਾ ਹੱਲ ਹੋ ਸਕੇ । ਉਹਨਾਂ ਇਹ ਵੀ ਕਿਹਾ ਕਿ ਰੰਗਲਾ ਵੇਹੜਾ ਪ੍ਰੋਜੈਕਟ ਦਾ ਕੁਝ ਨਹੀਂ ਹੋ ਰਿਹਾ ਜਾਂ ਤਾਂ ਇਸ ਸਬੰਧੀ ਕੋਈ ਕਾਰਵਾਈ ਕੀਤੀ ਜਾਵੇ ਜਾਂ ਇਸ ਨੂੰ ਢਾਹ ਦਿੱਤਾ ਜਾਵੇ ।

ਮੇਅਰ ਜੀ ਨੇ ਕਿਹਾ ਕਿ ਜਿਥੋ ਤੱਕ ਡਿਵਾਇਡਰ ਬਨਾਉਣ ਦੀ ਗੱਲ ਹੈ, ਇੰਜੀਨਿਅਰਿੰਗ ਸ਼ਾਖਾ ਤਕਨੀਕੀ ਰੂਪ ਵਿੱਚ ਇਸ ਨੂੰ ਸਟੱਡੀ ਕਰਕੇ ਰਿਪੋਰਟ ਪੇਸ ਕਰੇ ਅਤੇ ਰੰਗਲਾ ਵੇਹੜਾ ਸਬੰਧੀ ਉਹਨਾਂ ਸੁਪਰਡੰਟ ਤਹਿਬ਼ਜਾਰੀ ਨੂੰ ਜਵਾਬ ਦੇਣ ਲਈ ਕਿਹਾ ।

ਸੁਪਰਡੰਟ ਤਹਿਬ਼ਜਾਰੀ ਵਲੋਂ ਦੱਸਿਆ ਗਿਆ ਕਿ ਰੰਗਲਾ ਵੇਹੜਾ ਦੀ ਅਪੀਲ ਮਾਨਯੋਗ ਅਦਾਲਤ ਵਲੋਂ ਖ਼ਾਰਜ ਹੋ ਚੁੱਕੀ ਹੈ ਅਤੇ ਇਸ ਪ੍ਰੋਜੈਕਟ ਨੂੰ ਨਿਲਾਮ ਕਰਨ ਲਈ ਰੇਟ ਮੁੱਕਰਰ ਕਰਨ ਲਈ ਕੇਸ ਸਥਾਨਕ ਸਰਕਾਰ ਪਾਸ ਲੰਬਿਤ ਹੈ ਜਿਸਦੀ ਮੰਜੂਰੀ ਨਹੀਂ ਮਿਲ ਰਹੀ ।

ਸ੍ਰੀ ਪਰਮਜੋਤ ਸਿੰਘ ਸ਼ੈਰੀ ਚੱਢਾ, ਕੌਂਸਲਰ ਵਾਰਡ ਨੰ: 50 ਵਲੋਂ ਕਿਹਾ ਗਿਆ ਨਯਾ ਬਜ਼ਾਰ ਨਾਲੇ ਉੱਪਰ ਜਿਹੜੀਆਂ ਦੁਕਾਨਾਂ ਬਣੀਆਂ ਹੋਈਆਂ ਹਨ, ਨੂੰ ਢਾਹੁਣ ਦੀ ਕਾਰਵਾਈ ਹੋਣ ਵਾਲੀ ਹੈ । ਜੇਕਰ ਇਹ ਕਾਰਵਾਈ ਹੁੰਦੀ ਹੈ ਤਾਂ ਦੁਕਾਨਾਂ ਸਿਰਫ ਇੱਕ-ਇੱਕ ਫੁਟ ਦੀਆਂ ਰਹਿ ਜਾਣਗੀਆਂ, ਇਸ ਕਰਕੇ ਇਹਨਾਂ ਨੂੰ ਨਾ ਢਾਹਿਆ ਜਾਵੇ ਅਤੇ ਜਿਵੇਂ ਸਾਬਕਾ ਡਿਪਟੀ ਮੇਅਰ ਦੀ ਬਿਲਡਿੰਗ ਜਿਹੜੀ ਕਿ ਇਹਨਾਂ ਦੁਕਾਨਾਂ ਦੇ ਨਾਲ ਸੀ, ਨੂੰ ਕਾਗਜ਼ਾਂ ਵਿੱਚ ਠੀਕ ਕਰਵਾ ਲਿਆ ਗਿਆ ਹੈ, ਉਸੇ ਤਰ੍ਹਾਂ ਇਹਨਾਂ ਦੁਕਾਨਾਂ ਨੂੰ ਵੀ ਕਾਗਜ਼ਾਂ ਵਿੱਚ ਠੀਕ ਕਰਵਾ ਲਿਆ ਜਾਵੇ । ਇਸੇ ਦੌਰਾਨ ਸ੍ਰੀਮਤੀ ਰਾਧਿਕਾ ਪਾਠਕ, ਕੌਂਸਲਰ ਵਲੋਂ ਵੀ ਇਸ ਗੱਲ ਦੀ ਹਮਾਇਤ ਕੀਤੀ ਗਈ ।

ਮੇਅਰ ਜੀ ਨੇ ਕਿਹਾ ਕਿ ਜੇਕਰ ਕੋਈ ਮਲਕੀਅਤੀ ਸਬੰਧੀ ਡਾਕੂਮੈਂਟ ਇਹਨਾਂ ਦੁਕਾਨਦਾਰਾਂ ਪਾਸ ਹਨ ਤਾਂ ਮੈਂ ਕਮਿਸ਼ਨਰ ਜੀ ਨੂੰ ਕਹਾਂਗਾ ਕਿ ਮਾਨਯੋਗ ਹਾਈ ਕੋਰਟ ਪਾਸੋਂ ਇੱਕ ਤਰੀਕ ਲੈ ਲਈ ਜਾਵੇ ਅਤੇ ਦਸਤਾਵੇਜ਼ ਚੈਕ ਕਰਕੇ ਹੀ ਇਹ ਕਾਰਵਾਈ ਕੀਤੀ ਜਾਵੇ ਅਤੇ ਅਸੀਂ ਦਖ਼ਲ ਨਹੀਂ ਦੇਵਾਂਗੇ ।ਕਮਿਸ਼ਨਰ ਜੀ ਨੇ ਉਹਨਾਂ ਨੂੰ ਦੱਸਿਆ ਕਿ ਪਰਸੋਂ ਇਹਨਾਂ ਦੁਕਾਨਾਂ ਦੇ ਢਾਹੁਣ ਦੇ ਹੁਕਮ ਹੋਏ ਹਨ ਜਿਸ ਤੇ ਮੇਅਰ ਜੀ ਨੇ ਸ੍ਰੀਮਤੀ ਰਾਧਿਕਾ ਪਾਠਕ ਅਤੇ ਸ੍ਰੀ ਪਰਮਜੋਤ ਸਿੰਘ ਸ਼ੈਰੀ ਚੱਢਾ, ਕੌਂਸਲਰ ਨੂੰ ਹਦਾਇਤ ਕੀਤੀ ਕਿ ਤੁਸੀਂ ਕਲ੍ਹ ਹੀ ਇਹਨਾਂ ਦੁਕਾਨਾਂ ਸਬੰਧੀ ਜੇਕਰ ਕੋਈ ਮਲਕੀਅਤੀ ਸਬੂਤ ਹੈ ਤਾਂ ਲੈ ਕੇ ਆਓ ਨਹੀਂ ਤਾਂ ਇਹਨਾਂ ਨੂੰ ਢਾਹੁਣਾ ਹੀ ਪਵੇਗਾ ।

ਸ੍ਰੀ ਪਰਮਜੋਤ ਸਿੰਘ ਸ਼ੈਰੀ ਚੱਢਾ, ਕੌਂਸਲਰ ਵਾਰਡ ਨੰ: 50 ਵਲੋਂ ਇਹ ਵੀ ਕਿਹਾ ਗਿਆ ਕਿ ਵੀ-ਮਾਰਟ ਵਾਲੀ ਗਲੀ ਨੀਵੀਂ ਹੋਣ ਕਾਰਣ ਸੀਵਰੇਜ਼ ਦੀ ਸੱਮਸਿਆ ਰਹਿੰਦੀ ਹੈ, ਇਸ ਨੂੰ ਮਾਡਲ ਟਾਊਨ ਰੋਡ ਵਾਲੇ ਸੀਵਰੇਜ਼ ਲਾਈਨ ਨਾਲ ਜ਼ੋੜ ਦਿੱਤਾ ਜਾਵੇ। ਇਸ ਤੋਂ ਇਲਾਵਾ ਰੰਗਲਾ ਵੇਹੜਾ ਦੇ ਥਲ੍ਹੇ ਸੀਵਰ ਸੀ ਜਿਹੜਾ ਕਿ ਰੰਗਲਾ ਵੇਹੜਾ ਬਨਾਉਣ ਵੇਲੇ ਡੈਮੇਜ਼ ਹੋ ਗਿਆ ਸੀ ਨੂੰ ਮੁੜ੍ਹ ਚਾਲੂ ਕਰਵਾਇਆ ਜਾਵੇ ਤਾਂ ਜ਼ੋ ਅੰਦਰੂਨੀ ਬਜ਼ਾਰਾ ਵਿਖੇ ਸੀਵਰੇਜ਼ ਦੇ ਪਾਣੀ ਦੀ ਜਲਦੀ ਨਿਕਾਸੀ ਸੰਭਵ ਹੋ ਸਕੇ ।

ਸ੍ਰੀ ਲਖਵਿੰਦਰ ਸਿੰਘ, ਕਾਰਜਕਾਰੀ ਇੰਜੀਨਿਅਰ ਵਲੋਂ ਦੱਸਿਆ ਗਿਆ ਕਿ ਜਦ ਰੰਗਲਾ ਵੇਹੜਾ ਪ੍ਰੋਜੈਕਟ ਬਣ ਰਿਹਾ ਸੀ ਤਾਂ ਸੀਵਰੇਜ਼ ਲਾਈਨ ਡੈਮੇਜ਼ ਹੋ ਗਈ ਸੀ । ਪ੍ਰੰਤੂ ਉਸੇ ਵੇਲੇ ਇਸ ਨੂੰ ਬਾਈਪਾਸ ਕਰਕੇ ਪਾਈਪ ਪਾ ਕੇ ਜ਼ੋੜ ਦਿੱਤਾ ਗਿਆ ਸੀ । ਮੇਅਰ ਜੀ ਨੇ ਸ੍ਰੀ ਸਤਿੰਦਰ ਕੁਮਾਰ, ਕਾਰਜਕਾਰੀ ਇੰਜੀਨਿਅਰ ਨੂੰ ਹਦਾਇਤ ਕੀਤੀ ਕਿ ਤੁਸੀਂ ਚੈਕ ਕਰ ਲਵੋ ਤਾਂ ਜ਼ੋ 20-25 ਮੁਹੱਲਿਆਂ ਨੂੰ ਰਾਹਤ ਮਿਲ ਸਕੇ ।

ਸਹੀ/- ਜਗਦੀਸ਼ ਰਾਜ ਰਾਜਾ, ਮੇਅਰ
23.7.2018

ਸ੍ਰੀ ਪਰਮਜੋਤ ਸਿੰਘ ਸ਼ੈਰੀ ਚੱਢਾ, ਕੌਂਸਲਰ ਵਾਰਡ ਨੰ: 50 ਵਲੋਂ ਕਿਹਾ ਗਿਆ ਕਿ ਉਹਨਾਂ ਦੇ ਇਲਾਕੇ ਵਿੱਚ ਸਫਾਈ ਅਤੇ ਲਾਈਟਾਂ ਸਬੰਧੀ ਕੋਈ ਸ਼ਿਕਾਇਤ ਨਹੀਂ ਹੈ ।

ਸ੍ਰੀਮਤੀ ਰਾਧਿਕਾ ਪਾਠਕ, ਕੌਂਸਲਰ ਵਾਰਡ ਨੰ: 51 ਨੇ ਵੀ ਕਿਹਾ ਕਿ ਉਹਨਾਂ ਨੂੰ ਵੀ ਕੋਈ ਸ਼ਿਕਾਇਤ ਨਹੀਂ ਹੈ ਪ੍ਰੰਤੂ ਕੁਝ ਗਲੀਆਂ ਸਾਂਝੀਆਂ ਹੋਣ ਕਾਰਣ ਸਫਾਈ ਸੇਵਕ ਆਪਸ ਵਿੱਚ ਉਲਝਦੇ ਰਹਿੰਦੇ ਹਨ ।

ਮੇਅਰ ਜੀ ਨੇ ਕਿਹਾ ਕਿ ਦੋ ਕੌਂਸਲਰਾਂ ਨੂੰ ਅਫ਼ਸਰਾਂ ਪ੍ਰਤੀ ਕੋਈ ਸ਼ਿਕਾਇਤ ਨਹੀਂ ਹੈ ਅਤੇ ਮੈਂ ਚਾਹਾਂਗਾ ਕਿ ਅਗਲੀ ਮੀਟਿੰਗ ਵਿੱਚ ਘੱਟੋ ਘੱਟ 20 ਕੌਂਸਲਰ ਕਹਿਣ ਕਿ ਉਹਨਾਂ ਨੂੰ ਕੋਈ ਸ਼ਿਕਾਇਤ ਨਹੀਂ ਹੈ । ਮੇਅਰ ਜੀ ਨੇ ਦੱਸਿਆ ਕਿ 27 ਸਾਲਾਂ ਵਿੱਚ ਉਹਨਾਂ ਨੇ ਆਪਣੇ ਵਾਰਡ ਵਿੱਚ ਕਦੇ ਕੋਈ ਪ੍ਰਾਬਲਮ ਨਹੀਂ ਆਉਣ ਦਿੱਤੀ ।

ਸ੍ਰੀਮਤੀ ਰਾਧਿਕਾ ਪਾਠਕ, ਕੌਸਲਰ ਵਾਰਡ ਨੰ: 51 ਵਲੋਂ ਕਿਹਾ ਗਿਆ ਕਿ ਫਗਵਾੜਾ ਗੇਟ ਵਿਖੇ ਕਾਰਨਰ ਤੇ ਪਬਲਿਕ ਟਾਇਲੈਟ ਬਨਾਉਣ ਦਾ ਕੰਮ ਸ਼ੁਰੂ ਨਹੀ ਹੋ ਰਿਹਾ । ਰੋਡ ਗਲੀਆਂ ਅਤੇ ਸੀਵਰੇਜ਼ ਦੇ ਢੱਕਨਾਂ ਦੇ ਸਾਈਜ਼ ਉਪਲਬੱਧ ਨਹੀਂ ਹਨ ਜਿਸ ਤੇ ਮੇਅਰ ਜੀ ਨੇ ਐਸ.ਈ. ਨੂੰ ਪੁੱਛਿਆ ਤਾਂ ਐਸ.ਈ. ਵਲੋਂ ਦੱਸਿਆ ਗਿਆ ਕਿ 15 ਦਿਨਾਂ ਤੱਕ ਟੈਂਡਰ ਆ ਜਾਣਗੇ ।ਪਬਲਿਕ ਟਾਇਲੈਟ ਦੇ ਕੰਮ ਸਬੰਧੀ ਉਹਨਾਂ ਐਸ.ਈ. (ਬੀ ਐਂਡ ਆਰ) ਨੂੰ ਕੰਮ ਸ਼ੁਰੂ ਕਰਵਾਉਣ ਲਈ ਹਦਾਇਤ ਕੀਤੀ ।

ਸ੍ਰੀਮਤੀ ਸੁਰਿੰਦਰ ਕੌਰ, ਸੀਨਿਅਰ ਡਿਪਟੀ ਮੇਅਰ ਨੇ ਕਿਹਾ ਕਿ ਬਿਲਡਿੰਗ ਸ਼ਾਖਾ ਵਿੱਚ ਇਸ ਵੇਲੇ ਸਿਰਫ 2 ਏ.ਟੀ.ਪੀ. ਹੀ ਹਨ । ਘਰੇਲੂ ਨਕਸ਼ੇ ਏ.ਟੀ.ਪੀ. ਤੋਂ ਦਸਤਖ਼ਤ ਹੋਣ ਤੋਂ ਬਾਅਦ ਕਮਰਾ ਨੰ: 19 ਵਿਖੇ ਪਿਆਂ ਕਈ ਦਿਨ ਹੋ ਗਏ ਹਨ ਪ੍ਰੰਤੂ ਪਾਸ ਨਹੀਂ ਹੋ ਰਹੇ । ਕਿਸੇ ਅਧਿਕਾਰੀ ਨੂੰ ਐਮ.ਟੀ.ਪੀ. ਦਾ ਚਾਰਜ ਦਿੱਤਾ ਜਾਵੇ ਤਾਂ ਜ਼ੋ ਨਗਰ ਨਿਗਮ ਨੂੰ ਆਮਦਨ ਵੀ ਹੋ ਸਕੇ ਅਤੇ ਲੋਕਾਂ ਨੂੰ ਪਰੇਸ਼ਾਨੀ ਵੀ ਨਾ ਹੋਵੇ ।ਇਸ ਤੇ ਮੇਅਰ ਜੀ ਨੇ ਸਮੂਹ ਹਾਊਸ ਨੂੰ ਕਿਹਾ ਕਿ ਮੈਂ ਚਾਹੁੰਦਾ ਹਾਂ ਕਿ ਘਰੇਲੂ ਨਕਸ਼ੇ ਤਿੰਨ ਦਿਨਾਂ ਵਿੱਚ ਪਾਸ ਹੋ ਜਾਇਆ ਕਰਨ ਅਤੇ ਇਸ ਲਈ ਕਮਿਸ਼ਨਰ ਜੀ ਇਸ ਸਬੰਧੀ ਦੇਖ ਲੈਣ ।

ਸ੍ਰੀਮਤੀ ਜ਼ਸਪਾਲ ਕੌਰ ਭਾਟੀਆ, ਕੌਂਸਲਰ ਵਾਰਡ ਨੰ: 45 ਵਲੋਂ ਸਫਾਈ ਸੇਵਕਾਂ ਦਾ ਮੁੱਦਾ ਉਠਾਇਆ ਗਿਆ ਤਾਂ ਮੇਅਰ ਜੀ ਨੇ ਉਹਨਾਂ ਨੂੰ ਦੱਸਿਆ ਕਿ ਇੱਕ ਹਫਤੇ ਦੇ ਅੰਦਰ ਅੰਦਰ ਤੁਹਾਡੇ ਕੋਲ ਸੈਨੇਟਰੀ ਇੰਸਪੈਕਟਰ ਖੁਦ ਹਾਜ਼ਰੀ ਚੈਕ ਕਰਵਾਉਣ ਲਈ ਆਉਣਗੇ ।

ਸ੍ਰੀਮਤੀ ਮਨਦੀਪ ਕੌਰ ਮੁਲਤਾਨੀ, ਕੌਂਸਲਰ ਵਾਰਡ ਨੰ: 9 ਨੇ ਮੁੱਦਾ ਉਠਾਇਆ ਕਿ ਬਰਸਾਤਾਂ ਸ਼ੁਰੂ ਹੋਣ ਤੋਂ ਪਹਿਲਾਂ ਸੀਵਰੇਜ਼ ਦੀ ਸਫਾਈ ਕਿਉਂ ਨਹੀਂ ਕਰਵਾਈ ਜਾਂਦੀ । ਲੋਕਾਂ ਨੂੰ ਪਾਣੀ ਦੇ ਬਿਲਾਂ ਬਾਰੇ ਵੀ ਦੱਸਿਆ ਜਾਵੇ । ਇਸ ਤੋਂ ਇਲਾਵਾ ਆਦਮਪੁਰ ਏਅਰਪੋਰਟ ਨੂੰ ਜਾਣ ਵਾਲੀ ਸੜਕ ਰਾਮਾਮੰਡੀ ਵਿਖੇ ਕੂੜਾ ਚੁੱਕਿਆ ਨਹੀਂ ਜਾ ਰਿਹਾ । ਇਸ ਨੂੰ ਸਮੇਂ ਸਿਰ ਚੁੱਕਵਾਇਆ ਜਾਇਆ ਕਰੇ ।

ਸ੍ਰੀ ਰੋਹਣ ਸਹਿਗਲ, ਕੌਂਸਲਰ ਵਾਰਡ ਨੰ: 26 ਵਲੋਂ ਕਿਹਾ ਗਿਆ ਕਿ we are custodian of public money. LED project have irregularities. we are going to financial crisis. ਮੈਨੂੰ ਮੇਅਰ ਜੀ ਨੇ ਇਸ ਮੁੱਦੇ ਤੇ ਅੱਜ ਬੋਲਣ ਤੋਂ ਮਨਾ ਕੀਤਾ ਹੈ ਪਰ ਇੱਥੇ ਇਸ ਪ੍ਰੋਜੈਕਟ ਦੇ ਨੁਮਾਇੰਦੇ ਹਾਜ਼ਰ ਹਨ ਅਤੇ ਉਹਨਾਂ ਨੂੰ ਮੈਂ ਇੱਕ ਗੱਲ ਕਹਿਣੀ ਚਾਹੁੰਦਾ ਹਾ ਜਿਸ ਤੇ ਉਹਨਾਂ ਨੇ ਇੱਕ ਸ਼ੇਅਰ ਕੰਪਨੀ ਵਾਲਿਆਂ ਨੂੰ ਸੁਣਾਇਆ ।

ਸਹੀ/- ਜਗਦੀਸ਼ ਰਾਜ ਰਾਜਾ, ਮੇਅਰ
23.7.2018

ਸ੍ਰੀਮਤੀ ਡੋਲੀ, ਕੌਂਸਲਰ ਵਾਰਡ ਨੰ: 15 ਵਲੋਂ ਮੁੱਦਾ ਉਠਾਇਆ ਗਿਆ ਕਿ ਪੁਲਿਸ ਲਾਈਨ ਵਿਖੇ ਮਲਟੀ ਪਰਪਜ਼ ਸਟੇਡੀਅਮ ਦਾ ਕੰਮ ਤੁਸੀਂ ਅਤੇ ਐਮ.ਐਲ.ਏ. ਸ੍ਰੀ ਰਜਿੰਦਰ ਬੇਰੀ ਜੀ ਨੇ ਸ਼ੁਰੂ ਕਰਵਾਇਆ ਸੀ ਅਤੇ ਇਹ ਕੰਮ 4 ਮਹੀਨਿਆਂ ਵਿੱਚ ਹੋਣਾ ਸੀ ਪਰ 6 ਮਹੀਨੇ ਹੋ ਗਏ ਹਨ ਅਤੇ ਕੰਮ ਕੰਪਲੀਟ ਨਹੀਂ ਹੋ ਰਿਹਾ।

ਇਸ ਤੇ ਸ੍ਰੀ ਰਜਨੀਸ਼ ਡੋਗਰਾ, ਕਾਰਜਕਾਰੀ ਇੰਜੀਨਿਅਰ ਨੇ ਦੱਸਿਆ ਕਿ ਇਹ ਕੰਮ ਗੌਰਵ ਗੁਪਤਾ, ਠੇਕੇਦਾਰ ਪਾਸ ਹੈ ਅਤੇ ਉਸ ਨੂੰ ਨੋਟਿਸ ਦਿੱਤਾ ਜਾ ਰਿਹਾ ਹੈ ।

ਸ੍ਰੀ ਬਲਰਾਜ ਠਾਕੁਰ, ਕੋਂਸਲਰ ਵਾਰਡ ਨੰ: 28 ਨੇ ਕਿਹਾ ਕਿ ਸਾਰਾ ਹਾਊਸ ਸੀਵਰੇਜ਼ ਦੀ ਸੱਮਸਿਆ ਤੋਂ ਪਰੇਸ਼ਾਨ ਹੈ ਪਰ ਕਿਸੇ ਨੂੰ ਇਸ ਦੀ ਜੜ ਬਾਰੇ ਪਤਾ ਹੈ । ਜਿਹੜੀ ਕਿ ਆਉਣ ਵਾਲੇ ਸਮੇਂ ਵਿੱਚ ਹੋਰ ਵਧਣੀ ਹੈ । ਸੀਵਰੇਜ਼ ਦੀ ਕਿੰਨੀ ਕਪੈਸਿਟੀ ਹੈ । ਕੀ ਇਹ ਬਰਸਾਤੀ ਪਾਣੀ ਸਹਿਣ ਦੇ ਕਾਬਿਲ ਹੈ? ਰੋਡ ਗਲੀਆਂ ਬਨਾ ਕੇ ਟੈਮਪਰਰੀ ਰਲੀਫ ਦਿੱਤਾ ਜਾ ਰਿਹਾ ਹੈ । ਕੀ ਸਟਾਰਮ ਵਾਟਰ ਦੀ ਕੋਈ ਸਕੀਮ ਹੈ ਜਾਂ ਨਹੀਂ । ਰੋਡ ਗਲੀਆਂ ਬੀ ਐਂਡ ਆਰ ਵਿਭਾਗ ਬਨਾਉਂਦਾ ਹੈ ਪਰ ਇਹਨਾਂ ਦੀ ਸਫਾਈ ਦਾ ਕੋਈ ਇੰਤਜ਼ਾਮ ਨਹੀਂ ਹੈ । ਇਹਨਾਂ ਦੀ ਸਫਾਈ ਲਈ ਟੈਂਡਰ ਲਗਾਇਆ ਜਾਵੇ । ਰੋਡ ਗਲੀਆਂ ਦੀ ਮਿੱਟੀ ਕਰਕੇ ਸੀਵਰੇਜ਼ ਬਲਾਕ ਹੁੰਦੇ ਹਨ । 80% ਬਲਾਕੇਜ਼ ਰੋਡ ਗਲੀਆਂ ਦੀ ਸਫਾਈ ਨਾ ਹੋਣ ਕਰਕੇ ਹੈ । ਜਦ ਤੱਕ ਸਟਾਰਮ ਸੀਵਰ ਦਾ ਇੰਤਜ਼ਾਮ ਨਹੀਂ ਹੁੰਦਾ, ਇਹਨਾਂ ਰੋਡ ਗਲੀਆਂ ਦੀ ਰੈਗੂਲਰ ਸਫਾਈ ਕਰਵਾਈ ਜਾਇਆ ਕਰੇ । ਸਟਾਰਮ ਸੀਵਰ ਅਰਬਨ ਅਸਟੇਟ ਫੇਸ-1 ਨਾਲੇ ਕੋਲ ਨਿਕਲਦਾ ਹੈ ਤੁਸੀਂ ਦੇਖ ਸਕਦੇ ਹੋ ਕਿ ਆਮ ਦਿਨਾਂ ਵਿੱਚ ਅਤੇ ਬਰਸਾਤਾਂ ਵਿੱਚ ਇਸ ਦੇ ਡਿਸਚਾਰਜ ਵਿੱਚ ਕੋਈ ਫਰਕ ਨਹੀਂ ਪੈਂਦਾ । ਜੇਕਰ ਰੋਡ ਗਲੀਆਂ ਸਾਫ ਹੋਣ ਤਾਂ ਇਸ ਦਾ ਪੂਰਾ ਲਾਭ ਲਿਆ ਜਾ ਸਕਦਾ ਹੈ ।ਕੂਲ ਰੋਡ ਵਿਖੇ ਪਾਣੀ ਦੀ ਨਿਕਾਸੀ ਨਾ ਹੋਣ ਕਰਕੇ ਸੜਕ ਵਾਰ ਵਾਰ ਟੁੱਟ ਜਾਂਦੀ ਹੈ । ਇਸ ਤੋਂ ਇਲਾਵਾ ਉਹਨਾਂ ਕਿਹਾ ਕਿ ਅੰਮ੍ਰਿਤਸਰ ਨਗਰ ਨਿਗਮ ਦਾ ਤਖ਼ਮੀਨਾ ਤਿਆਰ ਕਰਨ ਵਾਲਾ ਪ੍ਰਫਾਰਮਾ ਮੰਗਵਾ ਲਿਆ ਜਾਵੇ ਕਿਉਂ ਜ਼ੋ ਸਾਡੇ ਤਖ਼ਮੀਨੇ ਵਾਲੇ ਪ੍ਰਫਾਰਮੇਂ ਵਿੱਚ ਇਹ ਲਿਖਣਾ ਪੈਂਦਾ ਹੈ ਕਿ ਪਾਣੀ ਅਤੇ ਸੀਵਰੇਜ਼ ਦੀਆਂ ਲਾਈਨਾਂ ਪੈ ਚੁੱਕੀਆਂ ਹਨ ਜਾਂ ਨਹੀਂ । ਇਸ ਤੇ ਮੇਅਰ ਜੀ ਨੇ ਉਹਨਾਂ ਨੂੰ ਕਿਹਾ ਕਿ ਤੁਸੀਂ ਮੰਗਵਾ ਲਵੋ । ਉਹਨਾਂ ਅੱਗੇ ਕਿਹਾ ਕਿ ਰੋਡ ਗਲੀਆਂ ਬੀ ਐਂਡ ਆਰ ਨੂੰ ਹੀ ਬਨਾਉਣੀਆਂ ਪੈਂਦੀਆਂ ਹਨ ਕਿਉਂਕਿ ਸਾਰੇ ਸ਼ਹਿਰ ਵਿੱਚ ਸਟਾਰਮ ਸੀਵਰ ਨਹੀਂ ਹੈ ।

ਮੇਅਰ ਜੀ ਨੇ ਕਿਹਾ ਕਿ ਬਰਸਾਤੀ ਸੀਵਰ ਵਿੱਚ ਰੋਡ ਗਲੀਆਂ ਦੇ ਕੁਨੈਕਸ਼ਨ ਨਹੀਂ ਹਨ । ਕੂਲ ਰੋਡ 6-7 ਵਾਰ ਬਣ ਚੁੱਕੀ ਹੈ । ਉਥੇ ਰੋਡ ਗਲੀਆਂ ਦੱਬੀਆਂ ਹੁੰਦੀਆਂ ਹਨ । ਚੈਕ ਕਰੋ ਤਾਂ ਪਾਈਪਾਂ ਸੁੱਕੀਆਂ ਮਿਲਦੀਆਂ ਹਨ । ਬਾਂਸ ਲਗਾ ਕੇ ਖੋਲੀਆਂ ਜਾ ਸਕਦੀਆਂ ਹਨ । ਇਹ ਰੋਡ ਗਲੀਆਂ ਅਧਿਕਾਰੀਆਂ ਨੂੰ ਨਹੀਂ ਲਭਦੀਆਂ ਪਰ ਠੇਕੇਦਾਰ ਨੂੰ ਜ਼ਰੂਰ ਲੱਭ ਜਾਂਦੀਆਂ ਹਨ ਤਾ ਜ਼ੋ ਉਹਨੂੰ ਨਵੀਆਂ ਨਾ ਬਨਾਉਣੀਆਂ ਪੈਣ । ਉਹਨਾਂ ਸ੍ਰੀ ਰਜਨੀਸ਼ ਡੋਗਰਾ, ਕਾਰਜਕਾਰੀ ਇੰਜੀਨਿਅਰ ਨੂੰ ਕਿਹਾ ਕਿ ਸ੍ਰੀ ਬਲਰਾਜ ਠਾਕੁਰ, ਕੋਂਸਲਰ ਨੂੰ ਨਾਲ ਲੈ ਕੇ ਚੈਕ ਕਰੋ ਅਤੇ ਇਹ ਯਕੀਨੀ ਬਨਾਓ ਕਿ ਰੋਡ ਗਲੀਆਂ ਦੇ ਕੁਨੈਕਸ਼ਨ ਬਰਸਾਤੀ ਸੀਵਰ ਨਾਲ ਹੋਵੇ ਤਾਂ ਜ਼ੋ ਸੜਕ ਦਾ ਨੁਕਸਾਨ ਨਾ ਹੋਵੇ ।

ਸ੍ਰੀਮਤੀ ਸ੍ਵੇਤਾ ਧੀਰ, ਕੋਂਸਲਰ ਵਾਰਡ ਨੰ: 77 ਵਲੋਂ ਕਿਹਾ ਗਿਆ ਕਿ ਰਾਜ ਨਗਰ ਦਾ ਸੀਵਰੇਜ਼ 120 ਫੁਟੀ ਰੋਡ ਵਾਲੇ ਸੀਵਰੇਜ਼ ਨਾਲ ਜ਼ੋੜਿਆ ਹੋਇਆ ਜਿਹੜਾ ਕਿ ਬੈਕ ਮਾਰਦਾ ਹੈ । ਇਸ ਨੂੰ ਕਪੂਰਥਲਾ ਰੋਡ ਵਾਲੀ ਲਾਈਨ ਨਾਲ ਜ਼ੋੜਿਆ ਜਾਵੇ ।ਜਿਸ ਤੇ ਸ੍ਰੀ ਸਤਿੰਦਰ ਕੁਮਾਰ, ਕਾਰਜਕਾਰੀ ਇੰਜੀਨਿਅਰ ਵਲੋਂ ਦੱਸਿਆ ਗਿਆ ਕਿ ਕਪੂਰਥਲਾ ਰੋਡ ਵਾਲੇ ਸੀਵਰ ਨਾਲ ਇਸ ਨੂੰ ਨਹੀਂ ਜ਼ੋੜਿਆ ਜਾ ਸਕਦਾ ਅਤੇ ਜਿੱਥੋਂ ਤੱਕ ਬੈਕ ਮਾਰਨ ਦੀ ਗੱਲ ਹੈ, ਇਸ ਨੂੰ ਵੇਖ ਲਿਆ ਜਾਵੇਗਾ ।ਉਹਨਾਂ ਕਿਹਾ ਕਿ ਇਸ ਸੀਵਰੇਜ਼ ਦੀ ਸਫਾਈ ਦਾ ਕੰਮ ਸੁਪਰਸਕਸ਼ਨ ਮਸ਼ੀਨ ਨਾਲ ਕਰਵਾਉਣਾ ਪਾਸ ਹੈ ਅਤੇ 15 ਦਿਨਾਂ ਬਾਅਦ ਕੰਮ ਸ਼ੁਰੂ ਹੋ ਜਾਵੇਗਾ ਕਿਉਂ ਜੋ ਰਾਮ ਨਗਰ ਵਾਲਾ ਕੰਮ ਖ਼ਤਮ ਹੋਣ ਤੋਂ ਬਾਅਦ ਮਸ਼ੀਨਰੀ ਇੱਧਰ ਸ਼ਿਫਟ ਹੋ ਜਾਵੇਗੀ ।

ਸ੍ਰੀ ਜਗਦੀਸ਼ ਰਾਮ, ਕੋਂਸਲਰ ਵਾਰਡ ਨੰ: 78 ਵਲੋਂ ਮੰਗ ਕੀਤੀ ਗਈ ਕਿ ਬੁਢਾਪਾ ਅਤੇ ਵਿਧਵਾ ਪੈਨਸ਼ਨ ਸ਼ਾਖਾ ਵਿੱਚ ਕਿਸੇ ਕਲਰਕ ਦੀ ਡਿਊਟੀ ਲਗਾਈ ਜਾਵੇ ਕਿਉਂਕਿ ਉਥੇ ਸਿਰਫ ਇੱਕ ਸੇਵਾਦਾਰ ਹੀ ਕੰਮ ਕਰ ਰਿਹਾ ਹੈ ਜਿਸ ਤੇ ਮੇਅਰ ਜੀ ਨੇ ਕਮਿਸ਼ਨਰ ਜੀ ਨੂੰ ਲੋੜੀਂਦੀ ਕਾਰਵਾਈ ਕਰਨ ਲਈ ਕਿਹਾ ।

ਸਹੀ/- ਜਗਦੀਸ਼ ਰਾਜ ਰਾਜਾ, ਮੇਅਰ
23.7.2018

ਸ਼੍ਰੀ ਜਗਦੀਸ਼ ਰਾਮ, ਕੌਂਸਲਰ ਵਾਰਡ ਨੰ: 78 ਵਲੋਂ ਪੰਜਾਬ ਕੇਸਰੀ ਅਖ਼ਬਾਰ ਦਿਖਾਉਂਦੇ ਹੋਏ ਕਿਹਾ ਕਿ 17 ਕਰੋੜ ਰੁਪਏ ਦੀ ਸਵੱਛ ਭਾਰਤ ਸਬੰਧੀ ਗ੍ਰਾਂਟ ਲੈਪਸ ਹੋ ਰਹੀ ਹੈ । ਜਿਸ ਤੇ ਮੇਅਰ ਜੀ ਨੇ ਕਿਹਾ ਕਿ ਕਿਸੇ ਵਜ੍ਹਾ ਨਾਲ ਇਹ ਗ੍ਰਾਂਟ ਅਵੇਲ ਨਹੀਂ ਕਰ ਸਕੇ । ਏ.ਐਚ.ਓ. ਅਨੁਸਾਰ ਇਹ ਕੇਸ ਸ਼੍ਰੀ ਏ.ਐਸ.ਧਾਲੀਵਾਲ, ਮੁੱਖ ਇੰਜੀਨਿਅਰ ਪਾਸ ਵੈਟ ਹੋਣ ਲਈ ਗਿਆ ਹੋਇਆ ਹੈ ।

ਸ਼੍ਰੀ ਪਰਭਦਿਆਲ, ਕੌਂਸਲਰ ਵਾਰਡ ਨੰ: 22 ਵਲੋਂ ਕਿਹਾ ਗਿਆ ਕਿ ਗੜਾ ਵਿਖੇ ਜਗਾਂ ਹਾਈਟ ਤੇ ਹੋਣ ਕਾਰਣ ਪਾਣੀ ਦੀ ਕੰਮੀ ਹੈ । ਉਸ ਜਗ੍ਹਾ ਟਿਊਬਵੈਲ ਲਗਾਉਣ ਲਈ ਤਖ਼ਮੀਨਾ ਤਿਆਰ ਕਰਵਾਇਆ ਗਿਆ ਸੀ ਜਿਹੜਾ ਕਿ ਹਾਊਸ ਵਿੱਚ ਪੇਸ਼ ਨਹੀਂ ਕੀਤਾ ਗਿਆ ਹੈ । ਜਿਸ ਤੇ ਮੇਅਰ ਜੀ ਨੇ ਕਿਹਾ ਕਿ ਤਖਮੀਨਾ ਅਗਲੀ ਮੀਟਿੰਗ ਵਿੱਚ ਆ ਜਾਵੇਗਾ ।

ਸ਼੍ਰੀਮਤੀ ਰਜਨੀ ਬਾਹਰੀ, ਕੌਂਸਲਰ ਵਾਰਡ ਨੰ: 53 ਵਲੋਂ ਮੰਗ ਕੀਤੀ ਗਈ ਕਿ ਬਾਬਾ ਸੋਡਲ ਜੀ ਦਾ ਮੇਲਾ 24.9.2018 ਨੂੰ ਹੋਣ ਜਾ ਰਿਹਾ ਹੈ ਅਤੇ ਉਥੇ ਸੜਕਾਂ ਦੀ ਰਿਪੇਅਰ, ਪਾਰਕਾਂ ਦੀ ਰਿਪੇਅਰ, ਲਾਈਟਾਂ ਅਤੇ ਸੈਂਟਰਲ ਵਰਜਾਂ ਦੇ ਰੰਗ ਰੋਗਣ ਆਦਿ ਦੇ ਕੰਮ ਹੋਣ ਵਾਲੇ ਹਨ ਜਿਸ ਤੇ ਸ਼੍ਰੀ ਸੁਸ਼ੀਲ ਕਾਲੀਆ ਅਤੇ ਸ਼੍ਰੀ ਦੀਪਕ ਸ਼ਾਰਦਾ, ਕੌਂਸਲਰ ਨੇ ਮੇਅਰ ਜੀ ਨੂੰ ਦੱਸਿਆ ਕਿ ਇਨਾਂ ਕੰਮਾਂ ਲਈ ਤਖ਼ਮੀਨੇ ਤਿਆਰ ਕਰ ਲਏ ਗਏ ਹਨ ।

ਸ਼੍ਰੀਮਤੀ ਰਿਸ਼ਾ ਸੈਣੀ, ਕੌਂਸਲਰ ਵਾਰਡ ਨੰ: 3 ਵਲੋਂ ਮੁੱਦਾ ਉਠਾਇਆ ਗਿਆ ਕਿ ਗਦਈਪੁਰ ਕੁਝ ਪਾਰਕਾਂ ਦੇ ਕੰਮ ਹੋਣ ਵਾਲੇ ਹਨ ਪ੍ਰੰਤੂ ਅਧਿਕਾਰੀ ਕਹਿੰਦੇ ਹਨ ਕਿ ਇਹ ਹਦੂਦ ਤੋਂ ਬਾਹਰ ਹਨ ਜਿਸ ਤੇ ਮੇਅਰ ਜੀ ਨੇ ਕਿਹਾ ਕਿ ਇਸ ਸਬੰਧੀ ਰਿਪੋਰਟ ਲੈ ਲਈ ਜਾਵੇਗੀ ।

ਸ਼੍ਰੀ ਨਿਰਮਲ ਸਿੰਘ, ਕੌਂਸਲਰ ਵਾਰਡ ਨੰ: ਵਲੋਂ ਕਿਹਾ ਗਿਆ ਕਿ 70% ਸ਼ਹਿਰ ਅਣਡਿਕਲੇਅਰਡ ਹੈ ਅਤੇ ਇਥੇ ਕੰਮ ਕਰਵਾਉਣ ਲਈ ਐਮ.ਐਲ.ਏ. ਦੀ ਮੰਜੂਰੀ ਨਾਲ ਕੰਮ ਕਰਵਾਉਣੇ ਪੈਂਦੇ ਹਨ । ਜਿਸ ਤੇ ਸ਼੍ਰੀਮਤੀ ਸੁਰਿੰਦਰ ਕੌਰ, ਸੀਨਿਅਰ ਡਿਪਟੀ ਮੇਅਰ ਵਲੋਂ ਕਿਹਾ ਗਿਆ ਕਿ ਅੰਮ੍ਰਿਤਸਰ ਵਿਖੇ ਸਭ ਥਾਂ ਤੇ ਕੰਮ ਹੁੰਦੇ ਹਨ, ਇੱਥੇ ਨਗਰ ਨਿਗਮ ਜਲੰਧਰ ਵਿੱਚ ਹੀ ਇਹ ਪ੍ਰਾਬਲਮ ਕਿਉਂ ਹੈ ।

ਸ਼੍ਰੀ ਪਰਮਜੀਤ ਸਿੰਘ ਰੇਰੂ, ਕੌਂਸਲਰ ਵਾਰਡ ਨੰ: 4 ਨੇ ਕਿਹਾ ਕਿ ਉਹ ਅੰਮ੍ਰਿਤਸਰ ਤੋਂ ਤਖ਼ਮੀਨੇ ਵਾਲਾ ਪ੍ਰਫਾਰਮਾ ਮੰਗਵਾ ਕੇ ਮੇਅਰ ਜੀ ਨੂੰ ਦੇ ਦੇਣਗੇ ।

ਡਾ: ਤਮਨਰੀਤ ਕੌਰ, ਕੌਂਸਲਰ ਵਾਰਡ ਨੰ: 1 ਵਲੋਂ ਕਿਹਾ ਗਿਆ ਕਿ ਇੰਦਰਾ ਕਲੋਨੀ ਵਿਖੇ ਕੂੜੇ ਲਈ ਕੋਈ ਬਿਨ ਨਹੀਂ ਹੈ ਰਖਵਾਏ ਜਾਣ । ਜਿਸ ਤੇ ਏ.ਐਚ.ਓ. ਨੇ ਦੱਸਿਆ ਕਿ ਉਸ ਜਗ੍ਹਾ ਲਈ 4 ਬਿਨ ਇੱਕ ਕਿਉਬਿਕ ਮੀਟਰ ਵਾਲੇ ਰੱਖੇ ਜਾਣਗੇ ਜਿਸ ਲਈ ਆਰਡਰ ਦੇ ਦਿੱਤਾ ਗਿਆ ਹੈ ਅਤੇ 15 ਦਿਨਾਂ ਵਿੱਚ ਇਹ ਬਿੰਨ ਰਖਵਾ ਦਿੱਤੇ ਜਾਣਗੇ ।

ਸਹੀ/- ਜਗਦੀਸ਼ ਰਾਜ ਰਾਜਾ, ਮੇਅਰ
23.7.2018

ਸ਼੍ਰੀ ਲਖਵੀਰ ਸਿੰਘ ਬਾਜਵਾ, ਵਾਰਡ ਨੰ: 76 ਕੌਂਸਲਰ ਨੇ ਦੱਸਿਆ ਕਿ ਉਹਨਾਂ ਦੇ ਵਾਰਡ ਵਿੱਚ ਇੱਕ ਸ਼ਮਸ਼ਾਨ ਘਾਟ ਦਾ ਰਸਤਾ ਕਿਸੇ ਜੈ ਦੇਵ ਨਾਮ ਦੇ ਵਿਅੱਕਤੀ ਜਿਸਨੇ ਉਥੇ 4.1.2005 ਨੂੰ ਪਲਾਟ ਖ਼ਰੀਦੇ ਸਨ, ਸਾਰਾ ਰਸਤਾ ਰੋਕਿਆ ਪਿਆ ਹੈ। ਇਸ ਸਬੰਧੀ ਉਹਨਾਂ ਵਲੋਂ ਇੱਕ ਸ਼ਿਕਾਇਤ ਰਸੀਟ ਨੰ: 3762 ਮਿਤੀ 25.10.2017 ਨੂੰ ਸ਼੍ਰੀਮਤੀ ਪੂਜਾ ਮਾਨ, ਬਿਲਡਿੰਗ ਇੰਸਪੈਕਟਰ ਨੂੰ ਦਿੱਤੀ ਸੀ ਪਰ ਉਹਨਾਂ ਦੀ ਬਦਲੀ ਹੋ ਗਈ ਅਤੇ ਉਹ ਫਾਇਲ ਵੀ ਨਾਲ ਲੈ ਗਏ । ਇਸ ਸਬੰਧੀ ਤਿੰਨ ਮਹੀਨੇ ਪਹਿਲਾਂ ਵੀ ਸ਼ਿਕਾਇਤ ਕੀਤੀ ਸੀ । ਸ਼੍ਰੀ ਪ੍ਰੇਮ ਗਿੱਲ, ਇੰਸਪੈਕਟਰ ਨੇ ਨੋਟਿਸ ਵੀ ਦਿੱਤੇ । ਪਰ ਕੋਈ ਕਾਰਵਾਈ ਨਹੀਂ ਹੋਈ । ਇਸ ਤੋਂ ਇਲਾਵਾ ਗੁਰੂ ਰਾਮਦਾਸ ਨਗਰ ਵਿਖੇ 47 ਲੱਖ ਰੁਪਏ ਦਾ ਸੜਕ ਦਾ ਕੰਮ ਜਿਹੜਾ ਕਿ ਸ਼੍ਰੀ ਜਤਿੰਦਰ ਸੈਣੀ, ਠੇਕੇਦਾਰ ਅਤੇ ਸ਼੍ਰੀ ਅਗਰਵਾਲ, ਠੇਕੇਦਾਰ ਪਾਸ ਹੈ, ਬੜਾ ਮਾੜਾ ਕੰਮ ਹੋ ਰਿਹਾ ਹੈ । ਉਥੇ ਪੱਥਰ ਦੀ ਥਾਂ ਤੇ ਕੂੜਾ ਤੇ ਮਲਬਾ ਸੁੱਟਿਆ ਜਾ ਰਿਹਾ ਹੈ ਜਿਸ ਦੀ ਜਾਂਚ ਕਰਵਾਈ ਜਾਵੇ । ਵਰਿਆਣਾ ਡੰਪ ਦੀ ਸੜਕ ਦਾ ਵੀ ਬਹੁਤ ਮਾੜਾ ਹਾਲ ਹੈ । ਉਹਨਾਂ ਦੇ ਏਰੀਏ ਕਿਲਾ

ਮੁੱਹਲਾ ਅਤੇ ਗੌਤਮ ਨਗਰ ਵਿਖੇ 2 ਡੰਪ ਹਨ ਜਿਨਾਂ ਨੂੰ ਚੁਕਵਾਇਆ ਜਾਵੇ । ਉਹਨਾਂ ਦੇ ਏਰੀਏ ਵਿੱਚ ਲੇਬਰ ਦੇ ਕੁਆਰਟਰ ਹਨ ਜਿਨਾਂ ਵਿੱਚ 100-100 ਵਿਅੱਕਤੀ ਰਹਿ ਰਹੇ ਹਨ । ਉਹ ਵਧੇਰੇ ਪਾਣੀ ਵਰਤਦੇ ਹਨ ਅਤੇ ਕੋਈ ਬਿਲ ਨਹੀਂ ਦੇ ਰਹੇ । ਇੱਥੇ ਪਾਣੀ ਦੇ ਮੀਟਰ ਲਗਵਾਏ ਜਾਣ ।

ਸ੍ਰੀਮਤੀ ਨੀਰਜਾ ਜੈਨ, ਕੌਂਸਲਰ ਵਾਰਡ ਨੰ: 23 ਨੇ ਵੀ ਗੋਲਡਨ ਐਵੇਨਿਯੂ ਵਿਖੇ ਕੁਆਰਟਰਾਂ ਦਾ ਮੁੱਦਾ ਉਠਾਇਆ । ਇਸ ਤੋਂ ਇਲਾਵਾ ਆਵਾਰਾ ਪਸ਼ੂਆਂ ਦਾ ਮੁੱਦਾ ਵੀ ਉਠਾਇਆ ਅਤੇ ਕਿਹਾ ਕਿ ਹਰੇਕ ਕੌਂਸਲਰ ਨੂੰ ਪਤਾ ਹੁੰਦਾ ਹੈ ਕਿ ਅਜਿਹੀਆਂ ਗਾਂਵਾਂ ਮੱਝਾਂ ਕਿਸ ਦੀਆਂ ਹਨ । ਅਜਿਹੇ ਲੋਕਾਂ ਦੇ ਪਾਣੀ ਅਤੇ ਸੀਵਰੇਜ਼ ਦੇ ਕੁਨੈਕਸ਼ਨ ਕੱਟੇ ਜਾਣ ।

ਸ੍ਰੀਮਤੀ ਰਿਸ਼ਾ ਸੈਣੀ, ਕੌਂਸਲਰ ਵਾਰਡ ਨੰ: 3 ਨੇ ਦੱਸਿਆ ਕਿ ਨਹਿਰ ਵਾਲੀ ਰੋਡ ਤੇ 25 ਸਟਰੀਟ ਲਾਈਟ ਪੁਆਇੰਟ ਬੰਦ ਪਏ ਹਨ ਅਤੇ ਕਾਫੀ ਮਿਸਿੰਗ ਵੀ ਹਨ ਜਿਸ ਤੇ ਮੇਅਰ ਜੀ ਨੇ ਕਿਹਾ ਕਿ ਮੈਂ ਸਾਰੇ ਕੌਂਸਲਰਾਂ ਨੂੰ ਕਹਿ ਚੁੱਕਾ ਹਾਂ ਕਿ ਸਟਰੀਟ ਲਾਈਟ ਦੀ ਸ਼ਿਕਾਇਤ ਸਬੰਧਤ ਕਾਰਜਕਾਰੀ ਇੰਜੀਨਿਅਰ ਦੇ ਦਫ਼ਤਰ ਰਸੀਟ ਕਰਵਾਓ ਅਤੇ 8 ਦਿਨਾਂ ਬਾਅਦ ਵੀ ਜੇਕਰ ਉਹ ਠੀਕ ਨਹੀਂ ਹੁੰਦੀਆਂ ਤਾਂ ਦੋਬਾਰਾ ਰਿਮਾਇੰਡਰ ਦੇ ਕੇ ਉਸਦੀ ਕਾਪੀ ਮੇਰੇ ਦਫ਼ਤਰ ਪੰਹੁਚਾਓ ਕਿਉ ਕਿ ਜੇਕਰ ਠੇਕੇਦਾਰ ਵਲੋਂ 48 ਘੰਟਿਆ ਅੰਦਰ ਸ਼ਿਕਾਇਤ ਦੂਰ ਨਹੀਂ ਕਰਵਾਈ ਜਾਂਦੀ ਤਾਂ ਉਸਨੂੰ 50/- ਪ੍ਰਤੀ ਲਾਈਟ ਪ੍ਰਤੀ ਦਿਨ ਅਤੇ 8 ਦਿਨਾਂ ਬਾਅਦ ਵੀ ਜੇਕਰ ਸ਼ਿਕਾਇਤ ਨਹੀਂ ਦੂਰ ਕੀਤੀ ਜਾਂਦੀ ਤਾਂ ਪਹਿਲੇ ਦਿਨ ਤੋ ਹੀ 200/- ਪ੍ਰਤੀ ਲਾਈਟ ਪ੍ਰਤੀ ਦਿਨ ਦੇ ਹਿਸਾਬ ਨਾਲ ਜੁਰਮਾਨਾ ਲੱਗੇਗਾ ।ਮਿਸਿੰਗ ਲਾਈਟ ਦੇ ਪੋਲ ਤੇ ਜੇਕਰ ਨੰਬਰ ਲੱਗਾ ਹੈ ਤਾਂ ਉਸ ਦੀ ਵੀ ਇੰਝ ਹੀ ਸ਼ਕਾਇਤ ਦਰਜ ਕਰਵਾਓ ਕਿਉਂ ਕਿ ਮਿਸਿੰਗ ਪੁਆਇੰਟ ਦਾ ਵੀ 200/- ਰੁਪਏ ਪ੍ਰਤੀ ਲਾਈਟ ਪ੍ਰਤੀ ਦਿਨ ਨਾਲ ਹੀ ਜੁਰਮਾਨਾ ਲੱਗਣਾ ਹੈ ।

ਸ੍ਰੀ ਦਵਿੰਦਰ ਸਿੰਘ ਰੋਣੀ, ਕੌਂਸਲਰ ਵਾਰਡ ਨੰ: 66 ਨੇ ਕਿਹਾ ਕਿ 535 ਸਫਾਈ ਸੇਵਕਾਂ ਦੀ ਭਰਤੀ ਵਿੱਚ ਦੇਰੀ ਕਿਉਂ ਕੀਤੀ ਜਾ ਰਹੀ ਹੈ ਜਿਸ ਤੇ ਮੇਅਰ ਜੀ ਨੇ ਕਿਹਾ ਕਿ ਤੁਹਾਨੂੰ ਸਾਰਿਆਂ ਨੂੰ ਹੀ ਪਤਾ ਹੈ ਕਿ ਸੈਲਰੀ ਦੀ ਪ੍ਰਾਬਲਮ ਚਲ ਰਹੀ ਹੈ। ਅਸੀਂ ਸਾਰੇ ਆਪਣੇ ਆਪਣੇ ਐਮ.ਐਲ.ਏਜ਼ ਨੂੰ ਜ਼ੋਰ ਪਾਈਏ ਕਿ ਉਹ ਇਸ ਸਬੰਧੀ ਸਰਕਾਰ ਨਾਲ ਗੱਲ ਕਰਨ ।

ਸ੍ਰੀ ਦਵਿੰਦਰ ਸਿੰਘ ਰੋਣੀ, ਕੌਂਸਲਰ ਵਾਰਡ ਨੰ: 66 ਨੇ ਇਹ ਵੀ ਕਿਹਾ ਕਿ ਹਰੇਕ ਵਾਰਡ ਵਿੱਚ ਤਿੰਨ-ਤਿੰਨ ਸੀਵਰਮੈਨ ਹਨ ਪਰ ਇੱਕ ਅੱਧਾ ਛੁੱਟੀ ਤੇ ਹੀ ਰਹਿੰਦਾ ਹੈ । ਘੱਟੋ ਘੱਟ 6 ਸੀਵਰਮੈਨ ਪ੍ਰਤੀ ਵਾਰਡ ਰੱਖੇ ਜਾਣ ।ਉਹਨਾਂ ਇਹ ਵੀ ਕਿਹਾ ਕਿ ਚੰਦਨ ਨਗਰ ਆਰ.ਯੂ.ਬੀ. ਦੇ ਖਬੇ ਪਾਸੇ ਉਹਨਾਂ ਦੇ ਵਾਰਡ ਵੱਲ 4-4 ਫੁੱਟ ਦੇ ਖੱਡੇ ਹਨ ਪ੍ਰੰਤੂ ਮਟੀਰਿਅਲ ਨਾ ਹੋਣ ਕਰਕੇ ਇਹ ਭਰੇ ਨਹੀਂ ਜਾ ਰਹੇ ।

ਮੇਅਰ ਜੀ ਨੇ ਕਿਹਾ ਕਿ ਜਿਸ ਤਰ੍ਹਾਂ ਅੱਜ ਸਾਰੇ ਕੌਂਸਲਰ ਬੋਲ ਰਹੇ ਹਨ ਇੰਝ 27 ਸਾਲ ਤੱਕ ਕਿਸੇ ਕੌਂਸਲਰ ਨੂੰ ਸੁੰਣਿਆ ਨਹੀਂ ਜਾਂਦਾ ਸੀ । ਉਹ ਹਾਊਸ ਨੂੰ ਪੁੱਛਦੇ ਹਨ ਕਿ ਜੇਕਰ ਹਾਊਸ ਇਜਾਜ਼ਤ ਦਿੰਦਾ ਹੈ ਤਾਂ ਅੱਗੇ ਤੋਂ ਪਹਿਲਾਂ ਲੜਕੀਆਂ ਨੂੰ ਸੁੰਣ ਲਿਆ ਜਾਵੇ ਜਿਸ ਤੇ ਸਮੂਹ ਹਾਊਸ ਨੇ ਹਾਮੀ ਭਰੀ ।

ਸ੍ਰੀਮਤੀ ਸ਼ੈਲੀ ਖੰਨਾ, ਕੌਂਸਲਰ ਵਾਰਡ ਨੰ: 17 ਨੇ ਕਿਹਾ ਕਿ ਬਸ਼ੀਰਪੁਰਾ ਕਲੋਨੀ ਵਿਖੇ ਸ਼ਮਸ਼ਾਨ ਘਾਟ ਨੂੰ ਜਾਂਦੀ ਸੜਕ ਦਾ ਬਹੁਤ ਮਾੜਾ ਹਾਲ ਹੈ ਜਿਸ ਤੇ ਮੇਅਰ ਜੀ ਨੇ ਉਹਨਾਂ ਨੂੰ ਇਸ ਸੜਕ ਦਾ ਤਖ਼ਮੀਨਾ ਤਿਆਰ ਕਰਵਾਉਣ ਲਈ ਹਦਾਇਤ ਕੀਤੀ ।

ਸ੍ਰੀਮਤੀ ਮਨਜੀਤ ਕੌਰ, ਕੌਂਸਲਰ ਵਾਰਡ ਨੰ: 21 ਨੇ ਟਰੈਫਿਕ ਦਾ ਹਵਾਲਾ ਦਿੰਦਿਆਂ ਕਿਹਾ ਕਿ ਬਸ ਸਟੈਂਡ ਦੇ ਬਾਹਰ ਜਿੰਨੇ ਵੀ ਖੋਖੇ ਹਨ, ਨੂੰ ਹਟਵਾਇਆ ਜਾਵੇ ਜਿਸ ਤੇ ਸੁਪਰਡੰਟ ਤਹਿਬਜ਼ਾਰੀ ਨੇ ਦੱਸਿਆ ਕਿ ਮਾਨਯੋਗ ਅਦਾਲਤ ਦੇ ਹੁਕਮ ਹਨ ਕਿ ਜਦ ਤੱਕ ਇਹਨਾਂ ਖੋਖਿਆਂ ਵਾਲਿਆਂ ਨੂੰ ਬਦਲਵੀਂ ਥਾਂ ਨਹੀਂ ਦਿੱਤੀ ਜਾਂਦੀ ਤੱਦ ਤੱਕ ਇਹਨਾਂ ਨੂੰ ਨਾ ਹਟਾਇਆ ਜਾਵੇ।

ਸਹੀ/- ਜਗਦੀਸ਼ ਰਾਜ ਰਾਜਾ, ਮੇਅਰ
23.7.2018

ਮੇਅਰ ਜੀ ਨੇ ਉਹਨਾਂ ਨੂੰ ਕਿਹਾ ਕਿ ਜਿਹੜਾ ਫਲਾਈਓਵਰ ਗੁਰਜੇਪਾਲ ਨਗਰ ਤੋਂ ਡਿਫੈਂਸ ਕਲੋਨੀ ਵਿਖੇ ਬਨਣਾ ਹੈ, ਉਹ ਜਿੱਥੇ ਨਹਿਰ ਦਾ ਡਿਸਪੋਜ਼ਲ ਹੈ ਉਥੋਂ ਹੀ ਸ਼ੁਰੂ ਕਰਵਾਈਓ ।

ਸ੍ਰੀਮਤੀ ਮਨਜੀਤ ਕੌਰ, ਕੌਂਸਲਰ ਨ ਵਾਰਡ ਨੰ: 21 ਇਹ ਮੰਗ ਵੀ ਕੀਤੀ ਕਿ ਏ.ਪੀ.ਜੇ. ਕਾਲੇਜ਼ ਤੋਂ ਜਵਾਹਰ ਨਗਰ ਮਾਰਕਿਟ ਵੱਲ ਜਾਂਦੇ ਸੜਕ ਕਾਫੀ ਚੋੜੀ ਹੈ, ਵਿਖੇ ਡਿਵਾਈਡਰ ਬਨਵਾਏ ਜਾਣ । ਜਿਸ ਤੇ ਮੇਅਰ ਜੀ ਨੇ ਤਕਨੀਕੀ ਪੱਖੋਂ ਇਸ ਸਬੰਧੀ ਰਿਪੋਰਟ ਲੈਣ ਲਈ ਐਸ.ਈ. (ਬੀ ਐਂਡ ਆਰ) ਨੂੰ ਹਦਾਇਤ ਕੀਤੀ ।

ਸ੍ਰੀਮਤੀ ਮਨਜੀਤ ਕੌਰ, ਕੌਂਸਲਰ ਵਾਰਡ ਨੰ: 21 ਨੇ ਅਟਵਾਲ ਹਾਊਸ ਵਿਖੇ ਕਾਨਵੈਂਟ ਸਕੂਲ ਅੱਗੇ ਬਣੇ ਗਲਤ ਰੈਂਪ ਦਾ ਮੁੱਦਾ ਵੀ ਉਠਾਇਆ ਜਿਸ ਤੇ ਮੇਅਰ ਜੀ ਨੇ ਸਬੰਧਤ ਅਧਿਕਾਰੀ ਨੂੰ ਉਹਨਾਂ ਨੂੰ ਮਿਲਣ ਲਈ ਕਿਹਾ ।

ਸ੍ਰੀਮਤੀ ਪ੍ਰਵੀਨਾ, ਕੌਂਸਲਰ ਵਾਰਡ ਨੰ: 11 ਨੇ ਦੱਸਿਆ ਕਿ ਪਰਾਗਪੁਰ ਜੀ.ਟੀ. ਰੋਡ ਵਿਖੇ ਡੰਪ ਬਣਿਆ ਹੋਇਆ ਹੈ, ਕੂੜਾ ਲਿਫਟ ਕਰਨ ਲਈ ਛੋਟੀ ਟਰਾਲੀ ਆਉਂਦੀ ਹੈ । ਜਿਸ ਤੇ ਏ.ਐਚ.ਓ. ਨੇ ਦੱਸਿਆ ਕਿ ਮੁਹੱਲਿਆਂ ਦੇ ਅੰਦਰੋ ਡੰਪ ਬੰਦ ਕਰਵਾਕੇ ਬਾਹਰ ਲਿਆਏ ਗਏ ਹਨ । ਇਸ ਡੰਪ ਦੀ ਸਾਈਟ ਕੱਚੀ ਹੈ । ਜਿਸ ਕਰਕੇ ਕੂੜਾ ਚੁੱਕਣ ਵਿੱਚ ਮੁਸ਼ਕਲ ਆਉਂਦੀ ਹੈ ।

ਸ੍ਰੀਮਤੀ ਪ੍ਰਵੀਨਾ, ਕੌਂਸਲਰ ਵਾਰਡ ਨੰ: 11 ਵਲੋਂ ਇਲਾਕੇ ਵਿੱਚ ਭੰਗ ਆਦਿ ਦੇ ਬੂਟੇ ਕਟਵਾਉਣ ਦੀ ਮੰਗ ਕੀਤੀ ਤਾਂ ਮੇਅਰ ਜੀ ਨੇ ਐਲ.ਐਸ.ਓ. ਨੂੰ ਤੁਰੰਤ ਕਾਰਵਾਈ ਕਰ ਵਾਰਡ ਨੰ: ਨ ਦੇ ਆਦੇਸ਼ ਦਿੱਤੇ ।

ਸ੍ਰੀਮਤੀ ਚੰਦਰਜੀਤ ਕੌਰ ਸੰਧਾ, ਕੌਂਸਲਰ ਵਾਰਡ ਨੰ: 73 ਨੇ ਵੀ ਪਾਰਕਾਂ ਦੀ ਸਫਾਈ ਲਈ ਮਾਲੀ ਦੀ ਮੰਗ ਕੀਤੀ ਤਾਂ ਮੇਅਰ ਜੀ ਨੇ ਕਿਹਾ ਕਿ ਜੇਕਰ ਮਾਲੀ ਨਹੀਂ ਹਨ ਤਾਂ ਲਿਖ ਕੇ ਦੇਵੋ ।ਕੌਂਸਲਰ ਵਲੋਂ ਰਾਜਾ ਗਾਰਡਨ ਦੀ ਐਂਟਰੈਂਸ ਤੇ ਪੈਚ ਵਰਕ ਕਰਵਾਉਣ ਲਈ ਵੀ ਕਿਹਾ ਜਿਸ ਤੇ ਮੇਅਰ ਜੀ ਨੇ ਸ੍ਰੀ ਰਜਨੀਸ਼ ਡੋਗਰਾ, ਕਾਰਜਕਾਰੀ ਇੰਜੀਨਿਅਰ ਨੂੰ ਨੋਟ ਕਰਵਾਇਆ ।ਕੌਂਸਲਰ ਵਲੋਂ ਨਹਿਰ ਵਿੱਚ ਕੂੜਾ ਸੁੱਟੇ ਜਾਣ ਦਾ ਵੀ ਮੁੱਦਾ ਉਠਾਇਆ ਤਾਂ ਮੇਅਰ ਜੀ ਨੇ ਕਿਹਾ ਕਿ ਸ਼ਹਿਰਵਾਸੀਆਂ ਦਾ ਵੀ ਇਹ ਫਰਜ਼ ਬਣਦਾ ਹੈ ਕਿ ਨਹਿਰ ਵਿੱਚ ਕੂੜਾ ਨਾ ਸੁੱਟਿਆ ਜਾਵੇ ।ਕੌਂਸਲਰ ਵੀ ਇਸ ਬਾਰੇ ਲੋਕਾਂ ਨੂੰ ਜਾਗਰੁਕ ਕਰਨ ।

ਸ੍ਰੀਮਤੀ ਸੁਰਿੰਦਰ ਕੌਰ, ਸੀਨਿਅਰ ਡਿਪਟੀ ਮੇਅਰ ਵਲੋਂ ਬੂਟਾ ਮੰਡੀ ਵਿਖੇ ਡਾ:ਬੀ.ਆਰ. ਅੰਬੇਡਕਰ ਪਾਰਕ ਦੀ ਸਫਾਈ ਕਰਵਾਉਣ ਲਈ ਕਿਹਾ ।

ਸ੍ਰੀਮਤੀ ਨੀਲਮ, ਕੌਂਸਲਰ ਵਾਰਡ ਨੰ: 7 ਵਲੋਂ ਸੁੱਚੀ ਪਿੰਡ ਵਿਖੇ ਨਜਾਇਜ਼ ਕਲੋਨੀ ਕੱਟੇ ਜਾਣ ਦਾ ਮੁੱਦਾ ਉਠਾਇਆ ਗਿਆ ਜਿਸ ਤੇ ਮੇਅਰ ਜੀ ਨੇ ਏ.ਟੀ.ਪੀ. ਨੂੰ ਅਗਲੀ ਮੀਟਿੰਗ ਵਿੱਚ ਇਸ ਬਾਰੇ ਰਿਪੋਰਟ ਦੇਣ ਲਈ ਕਿਹਾ ।

ਸ੍ਰੀਮਤੀ ਬਲਜਿੰਦਰ ਕੌਰ, ਕੌਂਸਲਰ ਵਾਰਡ ਨੰ: 5 ਨੇ ਕਿਹਾ ਕਿ ਸਰਾਭਾ ਨਗਰ ਅਤੇ ਹਰਗੋਬਿੰਦ ਨਗਰ ਦੀ ਬੈਕਸਾਈਡ ਤੇ ਪਾਣੀ ਦੀਆਂ ਪਾਈਪਾਂ ਨਹੀਂ ਪਾਈਆਂ ਗਈਆਂ ਹਨ ਜਿਸ ਤੇ ਸ੍ਰੀ ਗੁਰਚੈਨ ਸਿੰਘ, ਕਾਰਜਕਾਰੀ ਇੰਜੀਨਿਅਰ ਨੇ ਦੱਸਿਆ ਕਿ ਇਹ ਕੰਮ ਅਮਰੁਤ ਸਕੀਮ ਵਿੱਚ ਲਿਆ ਗਿਆ ਹੈ ਅਤੇ ਕੰਮ ਹੋ ਜਾਵੇਗਾ।

ਸਹੀ/- ਜਗਦੀਸ਼ ਰਾਜ ਰਾਜਾ, ਮੇਅਰ
23.7.2018

ਸ੍ਰੀ ਓਮਕਾਰ ਰਾਜੀਵ ਟਿੱਕਾ, ਕੌਂਸਲਰ ਵਾਰਡ ਨੰ: 38 ਨੇ ਕਿਹਾ ਕਿ 10 ਨੰਬਰ ਚੁੰਗੀ ਘਾਹ ਮੰਡੀ ਤੋਂ ਪਹਿਲਾਂ ਮੁਹੱਲਾ ਕੋਟ, ਬਸਤੀ ਸ਼ੇਖ ਵਿਖੇ ਬਰਸਾਤਾਂ ਨੂੰ ਢਾਈ-ਢਾਈ ਫੁੱਟ ਪਾਣੀ ਖੜਾ ਹੋ ਜਾਂਦਾ ਹੈ ।ਜਿਸ ਤੇ ਸ੍ਰੀ

ਨਿਰਮਲ ਸਿੰਘ, ਕਾਰਜਕਾਰੀ ਇੰਜੀਨਿਅਰ ਨੇ ਦੱਸਿਆ ਕਿ ਭਗਵਾਨ ਵਾਲਮੀਕ ਆਸ਼ਰਮ ਵਾਲਾ ਪਾਸਾ ਲੋ-ਲੇਈਂਗ ਏਰੀਆ ਹੈ ਅਤੇ ਮੇਨ ਸੀਵਰੇਜ਼ ਨੂੰ ਜ਼ਿਆਦਾ ਬਰਸਾਤ ਵੇਲੇ ਮੁਸ਼ਕਿਲ ਆਉਂਦੀ ਹੈ ।

ਸ੍ਰੀਮਤੀ ਅਨੀਤਾ, ਕੌਂਸਲਰ ਵਾਰਡ ਨੰ: 41, ਨੇ ਕਿਹਾ ਕਿ ਕਾਲਾ ਸੰਘਿਆ ਤੋਂ ਬਸਤੀ ਸ਼ੇਖ ਵੱਲ ਆਉਂਦੀ ਸੜਕ ਦੀ ਮੇਨ ਐਂਟਰੀ ਤੇ ਕੂੜਾ ਅਤੇ ਮਲਬਾ ਪਿਆ ਹੈ, ਚੁਕਵਾਇਆ ਜਾਵੇ । ਉਹਨਾਂ ਇਹ ਵੀ ਕਿਹਾ ਕਿ 8 ਸਫਾਈ ਸੇਵਕਾਂ ਵਿੱਚੋਂ ਸਿਰਫ ਇੱਕ ਸਫਾਈ ਸੇਵਕ ਹੀ ਆਉਂਦਾ ਹੈ ।

ਸ੍ਰੀਮਤੀ ਅੰਜਲੀ ਭਗਤ, ਕੌਂਸਲਰ ਵਾਰਡ ਨੰ: 65 ਨੇ ਦੱਸਿਆ ਕਿ ਗੁਰਦੇਵ ਨਗਰ ਦੀਆਂ ਸਟਰੀਟ ਲਾਈਟਾਂ ਬਿਜਲੀ ਬੋਰਡ ਵਲੋਂ ਤਾਰਾਂ ਕੱਟੇ ਜਾਣ ਕਾਰਣ ਬੰਦ ਪਈਆਂ ਹਨ ਅਤੇ ਇਸ ਬਾਰੇ ਉਹਨਾਂ ਨੇ ਸ੍ਰੀ ਅਨਿਲ ਚੱਢਾ, ਜੇ.ਈ. ਨੂੰ ਵੀ ਸ਼ਿਕਾਇਤ ਕੀਤੀ ਸੀ ਜਿਸ ਤੇ ਮੇਅਰ ਜੀ ਨੇ ਸ੍ਰੀ ਸਤਿੰਦਰ ਕੁਮਾਰ, ਕਾਰਜਕਾਰੀ ਇੰਜੀਨਿਅਰ ਨੂੰ ਦੇਖਣ ਲਈ ਕਿਹਾ ।

ਸ੍ਰੀਮਤੀ ਅੰਜਲੀ ਭਗਤ, ਕੌਂਸਲਰ ਵਾਰਡ ਨੰ: 65 ਨੇ ਅੱਗੇ ਕਿਹਾ ਕਿ ਡੀ.ਏ.ਵੀ. ਫਲਾਈਓਵਰ ਉਤਰਦਾ ਹੈ, ਰੋੜੀਆਂ ਕੁੱਟਣ ਵਾਲਿਆਂ ਨੇ ਅਤੇ ਇੱਕ ਮਜ਼ਾਰ ਬਣੀ ਹੋਣ ਕਾਰਣ ਅਤੇ ਗਾਂਵਾਂ ਮੱਝਾਂ ਹੋਣ ਕਾਰਣ ਮੁਹੱਲੇ ਵਾਲੇ ਕਾਫੀ ਪਰੇਸ਼ਾਨ ਹੁੰਦੇ ਹਨ।

ਮੇਅਰ ਜੀ ਨੇ ਦੱਸਿਆ ਕਿ ਇਸ ਗਰੀਨ ਬੈਲਟ ਦੀ ਦੇਖਭਾਲ ਦਾ ਜਿੰਮਾ ਡੇਵਿਏਟ ਸੰਸਥਾ ਨੂੰ ਅਲਾਟ ਕੀਤਾ ਹੋਇਆ ਹੈ । ਅਸੀਂ ਉਹਨਾਂ ਨੂੰ ਇੱਕ ਡਿੱਚ ਮਸ਼ੀਨ ਵੀ ਉਪਲਬੱਧ ਕਰਵਾ ਕੇ ਦਿੱਤੀ ਹੈ । ਉਹਨਾਂ ਐਸ.ਈ. ਨੂੰ ਹਦਾਇਤ ਕੀਤੀ ਕਿ ਚੈਕ ਕਰੋ ਕਿ ਉਹ ਆਪਣੀ ਡਿੱਚ ਮਸ਼ੀਨ ਵੀ ਚਲਾਉਣ । ਮੇਅਰ ਜੀ ਨੇ ਦੱਸਿਆ ਕਿ ਡੇਵਿਏਟ ਵਾਲਿਆਂ ਨੇ ਉਹਨਾਂ ਨੂੰ ਆਪਣੀ ਪਲੈਨਿੰਗ ਦਿਖਾਈ ਹੈ ਤੇ ਬਹੁਤ ਸੁੰਦਰ ਪਲੈਨਿੰਗ ਹੈ । ਜੇਕਰ ਉਹ ਆਪਣੀ ਡਿੱਚ ਮਸ਼ੀਨ ਨਹੀਂ ਲਗਾ ਰਹੇ ਤਾਂ ਮੈਨੂੰ ਦੱਸੋ ਮੈਂ ਖੁਦ ਫੋਨ ਕਰਾਂਗਾ ।

ਸ੍ਰੀਮਤੀ ਅੰਜਲੀ ਭਗਤ, ਕੌਂਸਲਰ ਵਾਰਡ ਨੰ: 65 ਨੇ ਇਹ ਵੀ ਕਿਹਾ ਕਿ ਐਚ.ਐਮ.ਵੀ. ਕਾਲੇਜ਼ ਸਾਹਮਣੇ ਗਰੀਨ ਬੈਲਟ ਤਾਂ ਬਣੀ ਹੋਈ ਹੈ ਪਰ ਸੈਰ ਕਰਨ ਵਾਲਿਆਂ ਲਈ ਬੈਂਚ ਦਿੱਤੇ ਜਾਣ ਅਤੇ ਲਾਈਟ ਦਾ ਵੀ ਪ੍ਰਬੰਧ ਕੀਤਾ ਜਾਵੇ । ਇਸ ਤੇ ਮੇਅਰ ਜੀ ਨੇ ਦੱਸਿਆ ਕਿ ਇਹ ਗਰੀਨ ਬੈਲਟ ਟੈਗੋਰ ਹਸਪਤਾਲ ਵਾਲੇ ਮੇਨਟੇਨ ਕਰ ਰਹੇ ਹਨ । ਤੁਸੀਂ ਡਾ: ਵਿਜੈ ਮਹਾਜਨ ਨੂੰ ਮਿਲੋ ਉਹ ਜ਼ਰੂਰ ਇਹ ਕੰਮ ਕਰਵਾ ਦੇਣਗੇ ।

ਸ੍ਰੀ ਨਿਰਮਲ ਸਿੰਘ, ਕੌਂਸਲਰ ਵਾਰਡ ਨੰ: 6 ਨੇ ਮੁੱਦਾ ਉਠਾਇਆ ਕਿ ਪਹਿਲੇ ਤਿੰਨ ਮੇਅਰਾਂ ਦੀ ਟਰਮ ਵੇਲੇ ਸਲੱਮ ਏਰੀਏ ਦਾ ਸਰਵੇ ਹੁੰਦਾ ਸੀ । ਕੀ ਇਹ ਸਕੀਮ ਬੰਦ ਹੋ ਗਈ ਹੈ ਕਿਉਂ ਕਿ ਮੇਰੇ 4 ਏਰੀਏ ਹਨ ਜਿੱਥੇ ਬੀ.ਪੀ.ਐਲ.ਕੈਟਾਗਰੀ ਦੇ ਲੋਕ ਰਹਿੰਦੇ ਹਨ ਜਿਸ ਤੇ ਐਸ.ਈ.(ਬੀ ਐਂਡ ਆਰ) ਨੇ ਦੱਸਿਆ ਕਿ ਇਸ ਵੇਲੇ ਅਜਿਹੀ ਕੋਈ ਸਕੀਮ ਨਹੀਂ ਹੈ ।

ਸ੍ਰੀ ਨਿਰਮਲ ਸਿੰਘ, ਕੌਂਸਲਰ ਵਾਰਡ ਨੰ: 6 ਨੇ ਕਿਹਾ ਕਿ ਅਣਡਿਕਲੇਅਰਡ ਏਰੀਏ ਵਿੱਚ ਵਿਕਾਸ ਦੇ ਕੰਮ ਨਹੀਂ ਹੁੰਦੇ । ਮੇਰੇ ਵਾਰਡ ਵਿੱਚ 80% ਲੋਕ ਕਬਜੇ ਵਾਲੇ ਹਨ, ਇਹਨਾਂ ਨੂੰ ਰੈਗੁਲਰ ਕੀਤਾ ਜਾਵੇ ਜਾਂ ਸਥਾਨਕ ਸਰਕਾਰ ਮੰਤਰੀ ਜੀ ਨੂੰ ਬੁਲਾਇਆ ਜਾਵੇ ਤਾਂ ਜ਼ੋ ਅਜਿਹੇ ਏਰੀਏ ਵਿੱਚ ਵਿਕਾਸ ਦੇ ਕੰਮ ਲਈ ਉਹ ਕੋਈ ਗ੍ਰਾਂਟ ਦੇਣ।

ਮੇਅਰ ਜੀ ਨੇ ਇਸ ਸਬੰਧੀ ਸਮੂਹ ਹਾਊਸ ਨੂੰ ਕਿਹਾ ਕਿ ਸਾਰੇ ਕੌਂਸਲਰ ਆਪਣੇ ਆਪਣੇ ਐਮ.ਐਲ.ਏਜ਼ ਨਾਲ ਗੱਲ ਕਰ ਲਵੋ । ਅਗਲੀ ਹਾਊਸ ਦੀ ਮੀਟਿੰਗ ਵਿੱਚ ਉਹਨਾਂ ਨੂੰ ਵੀ ਬੁਲਾ ਲਵੋ ।

ਸ੍ਰੀ ਵਰੇਸ਼ ਮਿੰਟੂ, ਕੌਂਸਲਰ ਵਾਰਡ ਨੰ: 40 ਉਹਨਾਂ ਦੇ ਵਾਰਡ ਦੇ ਇੱਕ ਟਿਊਬਵੈਲ ਦੀ ਰਿਪੇਲੇਸਮੈਂਟ ਹੋਣੀ ਹੈ ਪਰ 6 ਮਹੀਨੇ ਹੋ ਗਏ ਕੰਮ ਨਹੀਂ ਹੋ ਰਿਹਾ ।ਇਸ ਤੇ ਸ੍ਰੀ ਨਿਰਮਲ ਸਿੰਘ, ਕਾ:ਇੰ: ਨੇ ਦੱਸਿਆ ਕਿ ਟੈਂਡਰ ਲੱਗ ਗਿਆ ਹੈ ।

ਸਹੀ/- ਜਗਦੀਸ਼ ਰਾਜ ਰਾਜਾ, ਮੇਅਰ
23.7.2018

ਮੇਅਰ ਜੀ ਨੇ ਸਮੂਹ ਹਾਊਸ ਨੂੰ ਸੰਬੋਧਨ ਕਰਦਿਆਂ ਕਿਹਾ ਕਿ ਨਗਰ ਨਿਗਮ ਐਕਟ ਵਿੱਚ ਐਂਟੀਸਿਪੇਸ਼ਨ ਦੀ ਕੋਈ ਪਾਵਰ ਨਹੀਂ ਹੈ ਅਤੇ ਉਹ ਖੁਦ ਇਸ ਦੀ ਲੜਾਈ ਲੜਦੇ ਆ ਰਹੇ ਹਨ ਅਤੇ ਮਾਨਯੋਗ ਹਾਈ ਕੋਰਟ ਵਿਖੇ ਵੀ ਗਏ ਸਨ। ਪ੍ਰੰਤੂ ਜਨਹਿਤ ਵਿੱਚ ਜੇਕਰ ਹਾਊਸ ਪ੍ਰਵਾਨਗੀ ਦਿੰਦਾ ਹੈ ਤਾਂ ਕੀ ਉਹ ਅਜਿਹੇ ਟਿਊਬਵੈਲਾਂ ਜਾਂ ਲੋਕ ਹਿਤ ਵਿੱਚ ਜ਼ਰੂਰੀ ਕੰਮਾਂ ਨੂੰ ਐਂਟੀਸਿਪੇਸ਼ਨ ਵਿੱਚ ਕਰ ਲਿਆ ਕਰਨ ਜਿਸ ਤੇ ਸਮੂਹ ਹਾਊਸ ਨੇ ਮੇਜਾਂ ਥਪਥਪਾ ਕੇ ਮੇਅਰ ਜੀ ਨੂੰ ਇਸ ਦੀ ਪ੍ਰਵਾਨਗੀ ਦਿੱਤੀ।

ਸ੍ਰੀ ਵਰੇਸ਼ ਮਿੰਟੂ, ਕੌਂਸਲਰ ਵਾਰਡ ਨੰ: 40 ਨੇ ਅੱਗੇ ਕਿਹਾ ਕਿ ਕੋਟ ਸਦੀਕ ਤੋਂ ਫੋਲੜੀਵਾਲ ਜਾਂਦੇ ਸੀਵਰੇਜ਼ ਨੂੰ ਦਸ਼ਮੇਸ਼ ਨਗਰ ਵਾਲੇ ਸੀਵਰੇਜ਼ ਨਾਲ ਜ਼ੋੜ ਦਿੱਤਾ ਜਾਵੇ ਜਿਸ ਤੇ ਮੇਅਰ ਜੀ ਨੇ ਸਬੰਧਤ ਅਧਿਕਾਰੀ ਨੂੰ ਮੌਕਾ ਦੇਖ ਕੇ ਅਗਲੀ ਮੀਟਿੰਗ ਵਿੱਚ ਰਿਪੋਰਟ ਦੇਣ ਲਈ ਕਿਹਾ ।

ਸ੍ਰੀ ਗੁਰਵਿੰਦਰ ਪਾਲ ਸਿੰਘ ਬੰਟੀ ਨੀਲਕੰਠ, ਕੌਂਸਲਰ ਵਾਰਡ ਨੰ: 68 ਨੇ ਮੰਗ ਕੀਤੀ ਕਿ ਬੀ ਐਂਡ ਆਰ ਵਿਭਾਗ ਦੀਆਂ ਜੇ.ਸੀ.ਬੀ. ਮਸ਼ੀਨਾਂ ਨੂੰ ਸ਼ਨੀਵਾਰ ਅਤੇ ਐਤਵਾਰ ਵਾਲੇ ਦਿਨਾਂ ਵਿੱਚ ਵੀ ਤੇਲ ਦਿੱਤਾ ਜਾਵੇ ਜਿਸ ਤੇ ਮੇਅਰ ਜੀ ਨੇ ਸਬੰਧਤ ਵਿਭਾਗ ਨੂੰ ਨਿਰਦੇਸ਼ ਦਿੱਤੇ ਕਿ ਲੋੜ ਅਨੁਸਾਰ ਇਸ ਸਬੰਧੀ ਕਾਰਵਾਈ ਯਕੀਨੀ ਬਣਾਈ ਜਾਵੇ ।

ਸ੍ਰੀ ਗੁਰਵਿੰਦਰ ਪਾਲ ਸਿੰਘ ਬੰਟੀ ਨੀਲਕੰਠ, ਕੌਂਸਲਰ ਵਾਰਡ ਨੰ: 68 ਨੇ ਇਹ ਵੀ ਕਿਹਾ ਕਿ ਓ ਐਂਡ ਐਮ ਦੇ ਮੇਨਟੀਨੈਂਸ ਦੇ ਜਿਹੜੇ 3.50 ਲੱਖ ਰੁਪਏ ਪ੍ਰਤੀ ਵਾਰਡ ਦੇ ਕੰਮ ਹਨ, ਦੇ ਟੈਂਡਰ ਲਗਾਏ ਜਾਣ । ਉਹਨਾਂ ਇਹ ਵੀ ਮੰਗ ਕੀਤੀ ਕਿ ਸਰਕਾਰੀ ਪਾਰਕਿੰਗ ਕਿੱਥੇ ਕਿੱਥੇ ਹੋ ਰਹੀ ਹੈ, ਦੀ ਡਿਟੇਲ ਦਿੱਤੀ ਜਾਵੇ ਜਿਸ ਤੇ ਮੇਅਰ ਜੀ ਨੇ ਸੁਪਰਡੰਟ ਤਹਿਬਜ਼ਾਰੀ ਨੂੰ ਅਗਲੀ ਮੀਟਿੰਗ ਵਿੱਚ ਇਹ ਰਿਪੋਰਟ ਦੇਣ ਲਈ ਹਦਾਇਤ ਕੀਤੀ ।

ਸ੍ਰੀ ਬਲਜੀਤ ਸਿੰਘ ਪ੍ਰਿੰਸ, ਕੌਂਸਲਰ ਵਾਰਡ ਨੰ: 18 ਵਲੋਂ ਗੋਬਿੰਦਗੜ੍ਹ ਮੁਹੱਲੇ ਵਿੱਚ ਪਿਛਲੇ 15 ਦਿਨਾਂ ਤੋਂ ਗੰਦੇ ਪਾਣੀ ਆਉਣ ਦਾ ਮੁੱਦਾ ਉਠਾਇਆ ਗਿਆ ਅਤੇ ਇਹ ਵੀ ਕਿਹਾ ਗਿਆ ਕਿ ਐਸ.ਡੀ.ਓ. ਸ੍ਰੀ ਗਗਨ ਵਲੋਂ ਸਿਰਫ ਤਿੰਨ ਮੈਨਹੋਲਾਂ ਦੀ ਗਾਰ ਕਢਵਾਈ ਗਈ ਹੈ ਅਤੇ ਜੈਟਿੰਗ ਮਸ਼ੀਨ ਨਹੀ ਦਿੱਤੀ ਜਾ ਰਹੀ ਜਿਸ ਤੇ ਮੇਅਰ ਜੀ ਨੇ ਸਬੰਧਤ ਅਧਿਕਾਰੀ ਨੂੰ ਤੁਰੰਤ ਕਾਰਵਾਈ ਕਰਨ ਦੇ ਆਦੇਸ਼ ਦਿੱਤੇ ।

ਇਸ ਉਪਰੰਤ ਮੇਅਰ ਜੀ ਨੇ ਰੈਗੁਲਰ ਅਜੰਡਾ ਪੜਣ ਦੇ ਆਦੇਸ਼ ਦਿੱਤੇ ।

ਸਹੀ/- ਜਗਦੀਸ਼ ਰਾਜ ਰਾਜਾ,ਮੇਅਰ
23.7.2018

ਮਤਾ ਨੰਬਰ: 110

ਵਿਸ਼ਾ:- ਨਗਰ ਨਿਗਮ ਜਲੰਧਰ ਹਾਊਸ ਦੀ ਮੀਟਿੰਗ ਮਿਤੀ 25.6.2018 ਦੀ ਕਾਰਵਾਈ ਬਾਰੇ।

ਨਗਰ ਨਿਗਮ ਜਲੰਧਰ ਹਾਊਸ ਦੀ ਮੀਟਿੰਗ ਮਿਤੀ 25.6.2018 ਨੂੰ "ਡਾ. ਬੀ. ਆਰ. ਅੰਬੇਦਕਰ ਪ੍ਰਸ਼ਾਸ਼ਨਿਕ ਕੰਪਲੈਕਸ, ਨਗਰ ਨਿਗਮ ਜਲੰਧਰ" ਵਿਖੇ ਹੋਈ, ਦੀ ਕਾਰਵਾਈ ਜੋ ਕੋਂਸਲਰ ਸਹਿਬਾਨ ਨੂੰ ਭੇਜੀ ਜਾ ਚੁੱਕੀ ਹੈ, ਹਾਊਸ ਵਿਚ ਸੂਚਨਾ ਅਤੇ ਪੁਸ਼ਟੀ ਹਿਤ ਪੇਸ਼ ਹੈ ।

ਫੈਸਲਾ:

ਕਾਰਵਾਈ ਦੀ ਪੁਸ਼ਟੀ ਕੀਤੀ ਜਾਂਦੀ ਹੈ।

ਸਹੀ/- ਜਗਦੀਸ਼ ਰਾਜ ਰਾਜਾ,
ਮੇਅਰ
23.7.2018

ਮਤਾ ਨੰਬਰ: 111
ਵਿਸ਼ਾ :- ਸਰਕਾਰੀ ਐਲੀਮੈਂਟਰੀ ਸਕੂਲ ਚੱਕ ਜਿੰਦਾਂ ਲਈ ਸਥਾਨ ਉਪਲੱਬਧ ਕਰਵਾਉਣ ਸਬੰਧੀ।

ਤਜਵੀਜ਼ ਵਲੋਂ ਸ੍ਰੀ ਅਵਤਾਰ ਸਿੰਘ ਜੂਨੀਅਰ ਹੈਨਰੀ, ਐਮ.ਐਲ.ਏ. ਜੀ ਜਿਸ ਦੀ ਤਾਈਦ ਸ੍ਰੀਮਤੀ ਤਮਨਰੀਤ ਕੌਰ, ਕੌਂਸਲਰ ਵਾਰਡ ਨੰ: 1 ਅਤੇ ਸ੍ਰੀ ਪਰਮਜੀਤ ਸਿੰਘ ਰੇਰੂ ਕੌਂਸਲਰ, ਵਾਰਡ ਨੰ: 4 ਨੇ ਕੀਤੀ ਹੈ ਕਿ ਵਿਧਾਨ ਸਭਾ ਹਲਕਾ ਉੱਤਰੀ ਵਿੱਚ ਵਾਰਡ ਨੰਬਰ- 1 ਵਿਖੇ ਸਰਕਾਰੀ ਐਲੀਮੈਂਟਰੀ ਸਕੂਲ ਚੱਕ ਜਿੰਦਾਂ ਚੱਲ ਰਿਹਾ ਹੈ। ਇਸ ਸਕੂਲ ਦਾ ਸਥਾਨ ਵਿਦਿਆਰਥੀਆਂ ਲਈ ਬਹੁਤ ਘੱਟ ਹੈ। ਸਕੂਲ ਵਿੱਚ ਵਿਦਿਆਰਥੀਆਂ ਦੀ ਗਿਣਤੀ 300 ਦੇ ਲੱਗਭੱਗ ਹੈ। ਜਗ੍ਹਾ ਦੀ ਘਾਟ ਕਾਰਣ ਵਿਦਿਆਰਥੀਆਂ ਦਾ ਬੈਠਣਾ ਵੀ ਬਹੁਤ ਮੁਸ਼ਕਿਲ ਹੈ। ਜਿਸ ਕਾਰਨ ਛੋਟੇ-ਛੋਟੇ ਬੱਚੇ ਬਹੁਤ ਹੀ ਔਖੇ ਸਕੂਲ ਵਿਚ ਬੈਠਦੇ ਹਨ। ਇਸ ਵਾਰਡ ਲਈ ਵੱਡੀ ਸਕੂਲ ਇਮਾਰਤ ਦੀ ਬਹੁਤ ਜਰੂਰਤ ਹੈ। ਵਾਰਡ ਵਿੱਚ ਸਰਕਾਰੀ ਪਈ ਛੱਪੜ ਵਾਲੀ ਜਗ੍ਹਾ ਜੋ ਕਿ 72 ਮਰਲੇ ਹੈ, ਨਗਰ ਨਿਗਮ ਦੀ ਹੱਦ ਵਿੱਚ ਹੋਣ ਕਾਰਣ ਸਕੂਲ ਨੂੰ ਦਿੱਤੀ ਜਾ ਸਕਦੀ ਹੈ। ਇਸ ਸਬੰਧੀ ਮੈਂ ਆਪਣੇ ਸਮੂਹ ਇਲਾਕੇ ਵੱਲੋਂ ਇਸ ਲੋਕ ਹਿੱਤ ਦੇ ਕਾਰਜ ਨੂੰ ਮਾਨਵਤਾ ਦੇ ਲੇਖੇ ਸਮਰਪੱਤ ਕਰਨ ਲਈ ਪੁਰਜ਼ੋਰ ਸਿਫਾਰਿਸ਼ ਕਰਦਾ ਹਾਂ।

ਮਾਣਯੋਗ ਮੇਅਰ ਜੀ ਦੇ ਆਦੇਸ਼ ਮਿਤੀ : 20.06.2018 ਰਾਹੀ ਤਜਵੀਜ਼ ਹਾਊਸ ਵਿੱਚ ਵਿਚਾਰਨ ਅਤੇ ਫੈਸਲੇ ਹਿੱਤ ਪੇਸ਼ ਹੈ ਜੀ।

ਫੈਸਲਾ:
ਪ੍ਰਵਾਨ ਹੈ।
ਸਹੀ/- ਜਗਦੀਸ਼ ਰਾਜ ਰਾਜਾ,
ਮੇਅਰ
23.7.2018

ਮਤਾ ਨੰਬਰ: 112

ਵਿਸ਼ਾ :- ਵਾਰਡ ਨੰ: 6 ਬਲਦੇਵ ਨਗਰ ਵਿਖੇ ਬਣੀ ਨਵੀਂ ਪਾਰਕ ਦਾ ਨਾਮ ਅਮਰ ਸ਼ਹੀਦ ਬਾਬਾ ਮੋਤੀ ਰਾਮ ਮਹਿਰਾ ਜੀ ਦੇ ਨਾਮ ਤੇ ਰੱਖਣ ਬਾਰੇ।

ਹਵਾਲਾ: ਨਗਰ ਨਿਗਮ ਹਾਊਸ ਦੇ ਮਤਾ ਨੰ: 81 ਮਿਤੀ 25.6.2018, ਉਪਰੋਕਤ ਵਿਸ਼ੇ ਸਬੰਧੀ ।

ਹਵਾਲੇ ਅਧੀਨ ਮਤੇ ਰਾਹੀਂ ਇੱਕ ਤਜਵੀਜ਼ ਸ਼੍ਰੀ ਨਿਰਮਲ ਸਿੰਘ ਕੌਂਸਲਰ ਵਾਰਡ ਨੰ: 6 ਵਲੋਂ ਦਿੱਤੀ ਗਈ ਸੀ ਜਿਸ ਦੀ ਪੁਸ਼ਟੀ ਸ਼੍ਰੀਮਤੀ ਰਜਨੀ ਮੱਟੂ ਕੌਂਸਲਰ ਵਾਰਡ ਨੰ: 57 ਨੇ ਕੀਤੀ ਸੀ ਕਿ ਉਹਨਾਂ ਦੇ ਵਾਰਡ ਦੀ ਬਲਦੇਵ ਨਗਰ ਦੀ ਪਾਰਕ ਜੋ ਕਿ ਹੁਣ ਬਣ ਕੇ ਤਿਆਰ ਹੈ। ਇਸ ਪਾਰਕ ਦਾ ਨਾਮ ਸਿੱਖ ਕੌਂਮ ਦੇ ਮਹਾਨ ਅਮਰ ਸ਼ਹੀਦ ਬਾਬਾ ਮੋਤੀ ਰਾਮ ਮਹਿਰਾ ਜੀ ਦੇ ਨਾਮ ਤੇ ਰੱਖਿਆ ਜਾਵੇ। ਇਹ ਸ਼ਹੀਦਾ ਨੂੰ ਸਾਡੇ ਵੱਲੋ ਅਸਲ ਸ਼ਰਧਾਂਜਲੀ ਹੋਵੇਗੀ।

ਕਾਰਜਕਾਰੀ ਇੰਜੀਨਿਅਰ (ਬੀ ਐਂਡ ਆਰ) ਵਲੋਂ ਮਿਤੀ 11.7.2018 ਰਾਹੀਂ ਲਿਖਿਆ ਹੈ ਕਿ ਹਵਾਲੇ ਅਧੀਨ ਮਤੇ ਨੂੰ ਹਾਊਸ ਵਲੋਂ ਲੰਬਿਤ ਰੱਖਿਆ ਗਿਆ ਸੀ ਅਤੇ ਉਕਤ ਤਜ਼ਵੀਜ਼ ਨੂੰ ਹਾਊਸ ਵਿੱਚ ਮੁੜ੍ਹ ਵਿਚਾਰਣ ਹਿੱਤ ਸਿਫਾਰਸ਼ ਕੀਤੀ ਹੈ ਜਿਸ ਨਾਲ ਨਿਗਰਾਨ ਇੰਜੀਨਿਅਰ (ਬੀ ਐਂਡ ਆਰ) ਨੇ ਸਹਿਮਤੀ ਹਸਤਾਖ਼ਰ ਕੀਤੇ ਹਨ ।

ਮਾਨਯੋਗ ਮੇਅਰ ਜੀ ਦੇ ਆਦੇਸ਼ ਮਿਤੀ 13.7.2018 ਰਾਹੀਂ ਉਕਤ ਤਜ਼ਵੀਜ਼ ਮੁੜ੍ਹ ਨਗਰ ਨਿਗਮ ਹਾਊਸ ਵਿੱਚ ਵਿਚਾਰ ਅਤੇ ਫੈਸਲੇ ਹਿੱਤ ਪੇਸ਼ ਹੈ ਜੀ ।

ਫੈਸਲਾ:

ਵਿਚਾਰਣ ਉਪਰੰਤ ਇਹ ਮੱਦ ਲੰਬਿਤ ਰੱਖੀ ਜਾਂਦੀ ਹੈ।

ਸਹੀ/- ਜਗਦੀਸ਼ ਰਾਜ ਰਾਜਾ,

ਮੇਅਰ

23.7.2018

ਮਤਾ ਨੰ: 113

ਵਿਸ਼ਾ:- ਨਗਰ ਨਿਗਮ ਜਲੰਧਰ ਦੀ ਵਿੱਤ ਅਤੇ ਠੇਕਾ ਕਮੇਟੀ ਦੀਆਂ ਮੀਟਿੰਗਾਂ ਦੀ ਜਾਣਕਾਰੀ ਹਾਊਸ ਨੂੰ ਦੇਣ ਸਬੰਧੀ।

ਨਗਰ ਨਿਗਮ ਜਲੰਧਰ ਦੀ ਵਿੱਤ ਅਤੇ ਠੇਕਾ ਕਮੇਟੀ ਦੀਆਂ ਮੀਟਿੰਗਾਂ ਵੱਖ-ਵੱਖ ਮਿਤੀਆਂ ਨੂੰ ਹੇਠ ਅਨੁਸਾਰ ਹੋਈਆਂ ਹਨ, ਜਿਹਨਾਂ ਦੀਆਂ ਕਾਰਵਾਈਆਂ ਨਗਰ ਨਿਗਮ ਜਲੰਧਰ ਦੀ ਵੈਬਸਾਈਟ www.mcjalandhar.in ਤੇ ਅਪਲੋਡ ਕਰ ਦਿੱਤੀਆਂ ਗਈਆਂ ਹਨ, ਹਾਊਸ ਵਿੱਚ ਜਾਣਕਾਰੀ ਹਿੱਤ ਦੱਸਿਆ ਜਾਂਦਾ ਹੈ ਜੀ।

| ਲੜੀ ਨੰ: | ਮੀਟਿੰਗ ਦੀ ਮਿਤੀ | ਮੀਟਿੰਗ ਵਿੱਚ ਵਿਚਾਰੇ ਗਏ ਮਤਾ ਨੰ: |
|---|---|---|
| 1 | 18.6.2018 | 1 ਤੋਂ 95 ਤੱਕ |
| 2 | 11.7.2018 | 96 ਤੋਂ 124 ਤੱਕ |

ਫੈਸਲਾ:
ਪ੍ਰਵਾਨ ਹੈ।
ਸਹੀ/- ਜਗਦੀਸ਼ ਰਾਜ ਰਾਜਾ,
ਮੇਅਰ
23.7.2018

ਮਤਾ ਨੰਬਰ: 114
ਵਿਸ਼ਾ:- ਬੀ. ਐਂਡ ਆਰ. ਸ਼ਾਖਾ ਦੇ ਤਖਮੀਨਿਆਂ ਦੀ ਪ੍ਰਵਾਨਗੀ ਬਾਰੇ।

ਕਾਰਜਕਾਰੀ ਇੰਜੀਨੀਅਰ 1, 2, 3 ਅਤੇ 4 (ਬੀ.ਐਂਡ ਆਰ.) ਵਲੋਂ ਸ਼ਹਿਰ ਦੇ ਵੱਖ-ਵੱਖ ਥਾਂਵਾ / ਕਲੋਨੀਆਂ ਦੀਆਂ ਸੜਕਾਂ, ਗਲੀਆਂ, ਪਾਰਕਾਂ ਆਦਿ ਦੇ ਮੌਕੇ ਵੇਖਣ ਉਪਰੰਤ, ਹੇਠ ਲਿਖੇ ਤਖਮੀਨਿਆਂ ਨੂੰ ਤਿਆਰ ਕੀਤਾ ਹੈ। ਇਹਨਾਂ ਤਖਮੀਨਿਆਂ ਨੂੰ ਪ੍ਰਵਾਨ ਕਰਨ ਬਾਰੇ ਨਿਗਰਾਨ ਇੰਜੀਨੀਅਰ ਵੱਲੋਂ ਵੱਖ-ਵੱਖ ਸਮੇਂ ਤੇ ਸਿਫਾਰਸ਼ਾਂ ਕੀਤੀਆਂ ਗਈਆਂ ਹਨ। ਜਿਸ ਨਾਲ ਕਮਿਸ਼ਨਰ ਜੀ ਨੇ ਵੀ ਸਹਿਮਤੀ ਹਸਤਾਖਰ ਕੀਤੇ ਹਨ। ਮਾਨਯੋਗ ਮੇਅਰ ਜੀ ਦੇ ਆਦੇਸ਼ਾਂ ਨਾਲ ਇਹ ਤਖਮੀਨੇ ਹਾਊਸ ਵਿਚ ਵਿਚਾਰਨ ਅਤੇ ਫੈਸਲੇ ਹਿਤ ਪੇਸ਼ ਹਨ :-

| Sr. No. | Ward No. | Name of Work | Est. Amt. (Rs. in lacs) |
|---|---|---|---|
| 1 | 3 | Widening of Pulley on road from NH-1 to Randhawa Masanda | 35.00 |
| 2 | 19 | Landscaping of Park situated near Sachhar Hospital Central Town Jalandhar, Ward no. 19 | 1.94 |
| 3 | 51 | P/L of BM & PC on the Punjab Kesari road | 8.12 |
| 4 | 55 | Construction of CC flooring in Streets in Bagh Karam Baksh. | 12.44 |
| 5 | 60 | Const. of CC flooring in Road Side on Tanda Road Near MEX Chowk | 3.73 |
| 6 | 60 | Const. of CC flooring in streets in Mohalla New Laxmipura | 12.91 |
| 7 | 68 | P/L 50mm thick BM & 25mm thick SDBC on road Near Dhiman Nagar Market | 9.93 |
| 8 | 71 | Const. of road upto WBM and laying of BM & PC on Gulab Devi road and Rattan Nagar Pulley road | 39.38 |
| 9 | General | Fire Station on 120 feet road | 138.11 |
| 10 | General | P/F of sign board and thermoplastic paint in west constituency | 5.00 |
| 11 | General | P/F of glass cabin on the statue of S. Beant Singh ji at BMC Chowk & on the statue of S. Swaran Singh ji at PAP Chowk | 4.22 |
| 12 | General | Widening of road & construction of stand near DAV College canal | 27.03 |
| 13 | General | Construction of road near Parkash Ice-Cream | 26.70 |
| 14 | General | Const. of water pool at Beant Singh Park, Focal Point, Jalandhar.( MP LAD Grant) | 5.00 |
| 15 | General | P/L 50mm thick BM and 20mm thick PC on road from Transport Nagar to Bulandpur pulley. | 72.96 |
| 16 | General | P/L 25mm thick SDBC on road of Improvement Trust Market Near Kapurthala Chowk. | 37.12 |
| 17 | General | P/L SDBC on the main road from Chugitti to Nangal Shama | 38.86 |
| 18 | General | Hiring of Tractor-Trolley (2 No's) for Horticulture Branch for one Year. | 21.48 |
| 19 | General | Hiring of labour for Sabji Mandi Zone & Basti Sheikh Zone on out Source basis. | 25.78 |
| 20 | General | Repair of Zonal office Sabji Mandi Zone No. 5 of MCJ. | 2.25 |
| 21 | General | Repair and Maintenance of Lal Rattan Zone (B&R) | 1.85 |

ਫੈਸਲਾ:
ਪ੍ਰਵਾਨ ਹੈ।
ਸਹੀ/- ਜਗਦੀਸ਼ ਰਾਜ ਰਾਜਾ,
ਮੇਅਰ
23.7.2018

ਮਤਾ ਨੰਬਰ: 115

ਵਿਸ਼ਾ:- ਸਟਰੀਟ ਲਾਇਟ ਸ਼ਾਖਾ ਦੇ ਵਿਕਾਸ ਦੇ ਕੰਮਾਂ ਦੇ ਵੱਖ-ਵੱਖ ਤਖਮੀਨਿਆਂ ਦੀ ਪ੍ਰਵਾਨਗੀ ਬਾਰੇ।

ਸਟਰੀਟ ਲਾਇਟ ਸ਼ਾਖਾ, ਨਗਰ ਨਿਗਮ ਜਲੰਧਰ ਵੱਲੋਂ ਸ਼ਹਿਰ ਦੇ ਵੱਖ-ਵੱਖ ਵਾਰਡਾਂ/ਇਲਾਕਿਆਂ ਨਾਲ ਸਬੰਧਤ ਸਟਰੀਟ ਲਾਇਟ ਦੇ ਵਿਕਾਸ ਦੇ ਕੰਮਾਂ ਦੇ ਤਖਮੀਨੇ ਇਲਾਕਾ ਕੌਂਸਲਰ ਅਤੇ ਐਮ.ਐਲ.ਏ ਸਾਹਿਬਾਨ ਦੀ ਮੰਗ ਨੂੰ ਮੁੱਖ ਰੱਖਦੇ ਹੋਏ ਅਤੇ ਵਿਭਾਗੀ ਤੋਰ ਤੇ ਕਰਵਾਏ ਜਾਣ ਵਾਲੇ ਕੰਮਾਂ ਦੇ ਲਈ ਤਖਮੀਨੇ ਤਿਆਰ ਕੀਤੇ ਗਏ ਹਨ। ਇਹਨਾਂ ਵੱਖ-ਵੱਖ ਤਖਮੀਨਿਆਂ ਤੇ ਨਿਗਰਾਨ ਇੰਜੀਨਿਅਰ (ਲਾਇਟ) ਅਤੇ ਕਮਿਸ਼ਨਰ ਜੀ ਨੇ ਵੀ ਹਾਊਸ ਵਿੱਚ ਵਿਚਾਰਨ ਹਿੱਤ ਸਹਿਮਤੀ ਹਸਤਾਖਰ ਕੀਤੇ ਹਨ। ਇਹਨਾਂ ਤਖਮੀਨਿਆਂ ਦੀ ਪ੍ਰਵਾਨਗੀ ਹਾਊਸ ਤੋਂ ਲੋੜੀਦੀ ਹੈ। ਮਾਨਯੋਗ ਮੇਅਰ ਜੀ ਦੇ ਆਦੇਸ਼ ਨਾਲ ਹੇਠ ਲਿਖੇ ਤਖਮੀਨੇ ਹਾਊਸ ਵਿੱਚ ਵਿਚਾਰਨ ਅਤੇ ਫੈਸਲੇ ਹਿੱਤ ਪੇਸ਼ ਹਨ: -

| ਲੜੀ ਨੰ: | ਕੰਮ ਦਾ ਨਾਂ/ਜਗਾ ਦਾ ਸਪਸ਼ਟ ਵੇਰਵਾ | ਨਵਾਂ ਵਾਰਡ ਨੰ: | ਤਖਮੀਨਾ ਰੁਪਏ |
|---|---|---|---|
| 1 | ਵਾਰਡ ਨੰ: 3 ਦੇ ਮੁਹੱਲਾ ਰਾਮ ਬਾਗ ਕਲੋਨੀ ਵਿੱਚ ਨਵੀਆਂ ਐਲ.ਈ.ਡੀ ਲਾਇਟਾਂ ਲਗਾਉਣ ਲਈ ਬਾਕੀ ਇੰਫਰਾਸਟ੍ਰਕਚਰ ਲਗਾਉਣ ਬਾਬਤ ਤਖਮੀਨੇ ਦੀ ਪ੍ਰਵਾਨਗੀ ਬਾਰੇ। (ਐਲ.ਈ.ਡੀ ਲਾਇਟਾਂ ਮੈਸਰਜ਼ ਪੀ.ਸੀ.ਪੀ ਇੰਟਰਨੈਸ਼ਨਲ ਲਿਮਟਿਡ ਚੰਡੀਗੜ੍ਹ ਤੋ ਐਲ.ਈ.ਡੀ ਪ੍ਰੋਜੈਕਟ ਅਧੀਨ ਲਗਵਾ ਲਈਆਂ ਜਾਣਗੀਆਂ) | 3 | 1,23,000/- |
| 2 | ਵਾਰਡ ਨੰ: 3 ਦੇ ਮੁੱਹਲਾ ਉਦਯੋਗ ਨਗਰ ਸਈਪੁਰ ਵਿੱਚ ਨਵੀਆਂ ਐਲ.ਈ.ਡੀ ਲਾਇਟਾਂ ਲਗਾਉਣ ਲਈ ਬਾਕੀ ਇੰਫਰਾਸਟ੍ਰਕਚਰ ਲਗਾਉਣ ਬਾਬਤ ਤਖਮੀਨੇ ਦੀ ਪ੍ਰਵਾਨਗੀ ਬਾਰੇ। (ਐਲ.ਈ.ਡੀ ਲਾਇਟਾਂ ਮੈਸਰਜ਼ ਪੀ.ਸੀ.ਪੀ ਇੰਟਰਨੈਸ਼ਨਲ ਲਿਮਟਿਡ ਚੰਡੀਗੜ੍ਹ ਤੋ ਐਲ.ਈ.ਡੀ ਪ੍ਰੋਜੈਕਟ ਅਧੀਨ ਲਗਵਾ ਲਈਆਂ ਜਾਣਗੀਆਂ) | 3 | 2,28,200/- |
| 3 | ਵਾਰਡ ਨੰ: 5 ਦੇ ਮੁੱਹਲਾ ਨੁਰਪੁਰ ਕਲੋਨੀ, ਸਰਾਭਾ ਨਗਰ, ਸੁੰਦਰ ਨਗਰ ਅਤੇ ਹਰਗੋਬਿੰਦ ਨਗਰ ਬੈਕਸਾਈਡ ਕੈਪੀਟਲ ਹਸਪਤਾਲ ਵਿਖੇ ਨਵੀਆਂ ਐਲ.ਈ.ਡੀ ਲਾਇਟਾਂ ਲਗਾਉਣ ਲਈ ਬਾਕੀ ਇੰਫਰਾਸਟ੍ਰਕਚਰ ਲਗਾਉਣ ਬਾਬਤ ਤਖਮੀਨੇ ਦੀ ਪ੍ਰਵਾਨਗੀ ਬਾਰੇ। (ਐਲ.ਈ.ਡੀ ਲਾਇਟਾਂ ਮੈਸਰਜ਼ ਪੀ.ਸੀ.ਪੀ ਇੰਟਰਨੈਸ਼ਨਲ ਲਿਮਟਿਡ ਚੰਡੀਗੜ੍ਹ ਤੋ ਐਲ.ਈ.ਡੀ ਪ੍ਰੋਜੈਕਟ ਅਧੀਨ ਲਗਵਾ ਲਈਆਂ ਜਾਣਗੀਆਂ) | 5 | 2,70,600/- |
| 4 | ਵਾਰਡ ਨੰ: 8 ਦੇ ਮੁੱਹਲਾ ਲਧੇਵਾਲੀ ਅਤੇ ਕੱਚ ਗਡਾਉਣ ਵਾਲੀ ਗਲੀ ਨੰਗਲ ਸ਼ਾਮਾ ਵਿਖੇ ਨਵੀਆਂ ਐਲ.ਈ.ਡੀ ਲਾਇਟਾਂ ਲਗਾਉਣ ਲਈ ਬਾਕੀ ਇੰਫਰਾਸਟ੍ਰਕਚਰ ਲਗਾਉਣ ਬਾਬਤ ਤਖਮੀਨੇ ਦੀ ਪ੍ਰਵਾਨਗੀ ਬਾਰੇ। (ਐਲ.ਈ.ਡੀ ਲਾਇਟਾਂ ਮੈਸਰਜ਼ ਪੀ.ਸੀ.ਪੀ ਇੰਟਰਨੈਸ਼ਨਲ ਲਿਮਟਿਡ ਚੰਡੀਗੜ੍ਹ ਤੋ ਐਲ.ਈ.ਡੀ ਪ੍ਰੋਜੈਕਟ ਅਧੀਨ ਲਗਵਾ ਲਈਆਂ ਜਾਣਗੀਆਂ) | 8 | 75,900/- |
| 5 | ਵਾਰਡ ਨੰ: 17 ਦੇ ਮੁੱਹਲਾ ਝਾਂਸੀ ਵਾਲੀ ਕਲੋਨੀ, ਕਮਲ ਵਿਹਾਰ, ਬਸ਼ੀਰਪੁਰਾ ਅਤੇ ਠਾਕੁਰ ਸਿੰਘ ਕਲੋਨੀ ਵਿਖੇ ਨਵੀਆਂ ਐਲ.ਈ.ਡੀ ਲਾਇਟਾਂ ਲਗਾਉਣ ਲਈ ਬਾਕੀ ਇੰਫਰਾਸਟ੍ਰਕਚਰ ਲਗਾਉਣ ਬਾਬਤ ਤਖਮੀਨੇ ਦੀ ਪ੍ਰਵਾਨਗੀ ਬਾਰੇ। (ਐਲ.ਈ.ਡੀ ਲਾਇਟਾਂ ਮੈਸਰਜ਼ ਪੀ.ਸੀ.ਪੀ ਇੰਟਰਨੈਸ਼ਨਲ ਲਿਮਟਿਡ ਚੰਡੀਗੜ੍ਹ ਤੋ ਐਲ.ਈ.ਡੀ ਪ੍ਰੋਜੈਕਟ ਅਧੀਨ ਲਗਵਾ ਲਈਆਂ ਜਾਣਗੀਆਂ) | 17 | 1,38,900/- |
| 6 | ਵਾਰਡ ਨੰ: 62 ਦੇ ਵੱਖ-ਵੱਖ ਮੁਹਲੀਆਂ ਵਿੱਚ ਨਵੀਆਂ ਐਲ.ਈ.ਡੀ ਲਾਇਟਾਂ ਲਗਾਉਣ ਲਈ ਬਾਕੀ ਇੰਫਰਾਸਟ੍ਰਕਚਰ ਲਗਾਉਣ ਬਾਬਤ ਤਖਮੀਨੇ ਦੀ ਪ੍ਰਵਾਨਗੀ ਬਾਰੇ। (ਐਲ.ਈ.ਡੀ ਲਾਇਟਾਂ ਮੈਸਰਜ਼ ਪੀ.ਸੀ.ਪੀ ਇੰਟਰਨੈਸ਼ਨਲ ਲਿਮਟਿਡ ਚੰਡੀਗੜ੍ਹ ਤੋ ਐਲ.ਈ.ਡੀ ਪ੍ਰੋਜੈਕਟ ਅਧੀਨ ਲਗਵਾ ਲਈਆਂ ਜਾਣਗੀਆਂ) | 62 | 2,15,700/- |
| 7 | ਵਾਰਡ ਨੰ: 64 ਦੇ ਮੁੱਹਲਾ ਬਾਬਾ ਬਾਲਕ ਨਾਥ ਨਗਰ ਵਿੱਚ ਨਵੀਆਂ ਐਲ.ਈ.ਡੀ ਲਾਇਟਾਂ ਲਗਾਉਣ ਲਈ ਬਾਕੀ ਇੰਫਰਾਸਟ੍ਰਕਚਰ ਲਗਾਉਣ ਬਾਬਤ ਤਖਮੀਨੇ ਦੀ ਪ੍ਰਵਾਨਗੀ ਬਾਰੇ। (ਐਲ.ਈ.ਡੀ ਲਾਇਟਾਂ ਮੈਸਰਜ਼ ਪੀ.ਸੀ.ਪੀ ਇੰਟਰਨੈਸ਼ਨਲ ਲਿਮਟਿਡ ਚੰਡੀਗੜ੍ਹ ਤੋ ਐਲ.ਈ.ਡੀ ਪ੍ਰੋਜੈਕਟ ਅਧੀਨ ਲਗਵਾ ਲਈਆਂ ਜਾਣਗੀਆਂ) | 64 | 34,600/- |
| 8 | ਵਾਰਡ ਨੰ: 64 ਦੇ ਮੁੱਹਲਾ ਭਗਤ ਸਿੰਘ ਕਲੋਨੀ ਵਿੱਚ ਨਵੀਆਂ ਐਲ.ਈ.ਡੀ ਲਾਇਟਾਂ ਲਗਾਉਣ ਲਈ ਬਾਕੀ ਇੰਫਰਾਸਟ੍ਰਕਚਰ ਲਗਾਉਣ ਬਾਬਤ ਤਖਮੀਨੇ ਦੀ ਪ੍ਰਵਾਨਗੀ ਬਾਰੇ। (ਐਲ.ਈ.ਡੀ ਲਾਇਟਾਂ ਮੈਸਰਜ਼ ਪੀ.ਸੀ.ਪੀ ਇੰਟਰਨੈਸ਼ਨਲ ਲਿਮਟਿਡ ਚੰਡੀਗੜ੍ਹ ਤੋ ਐਲ.ਈ.ਡੀ ਪ੍ਰੋਜੈਕਟ ਅਧੀਨ ਲਗਵਾ ਲਈਆਂ ਜਾਣਗੀਆਂ। | 64 | 1,24,120/- |
| 9 | ਵਾਰਡ ਨੰ: 64 ਦੇ ਮੁਹੱਲਾ ਕੈਨਾਲ ਇੰਡਸਟ੍ਰਿਅਲ ਕੰਪਲੈਕਸ ਵਿੱਚ ਨਵੀਆਂ ਐਲ.ਈ.ਡੀ ਲਾਇਟਾਂ ਲਗਾਉਣ ਲਈ ਬਾਕੀ ਇੰਫਰਾਸਟ੍ਰਕਚਰ ਲਗਾਉਣ ਬਾਬਤ ਤਖਮੀਨੇ ਦੀ ਪ੍ਰਵਾਨਗੀ ਬਾਰੇ। (ਐਲ.ਈ.ਡੀ ਲਾਇਟਾਂ ਮੈਸਰਜ਼ ਪੀ.ਸੀ.ਪੀ ਇੰਟਰਨੈਸ਼ਨਲ ਲਿਮਟਿਡ ਚੰਡੀਗੜ੍ਹ ਤੋਂ ਐਲ.ਈ.ਡੀ ਪ੍ਰੋਜੈਕਟ ਅਧੀਨ ਲਗਵਾ ਲਈਆਂ ਜਾਣਗੀਆਂ) | 64 | 48,300/- |
| 10 | ਪ੍ਰੋਵਾਇਡਿੰਗ ਆਫ ਇੰਫਰਾਸਟ੍ਰਕਚਰ ਫਾਰ ਨਿਊ ਐਲ.ਈ.ਡੀ ਪੁਆਇੰਟ ਇਨ ਮੁੱਹਲਾ ਕਾਕੀ ਪਿੰਡ । | 9 | 63,170/- |
| 11 | ਪ੍ਰੋਵਾਇਡਿੰਗ ਆਫ ਇੰਫਰਾਸਟ੍ਰਕਚਰ ਫਾਰ ਨਿਊ ਐਲ.ਈ.ਡੀ ਸਟਰੀਟ ਲਾਇਟ ਪੁਆਇੰਟ ਇਨ ਡਿਫਰੇਂਟ ਏਰੀਆ ਫਾਲਿੰਗ ਇਨ ਵਾਰਡ (ਐਲ.ਈ.ਡੀ ਲਾਇਟਾਂ ਮੈਸਰਜ਼ ਪੀ.ਸੀ.ਪੀ ਇੰਟਰਨੈਸ਼ਨਲ ਲਿਮਟਿਡ ਚੰਡੀਗੜ੍ਹ ਤੋ ਐਲ.ਈ.ਡੀ ਪ੍ਰੋਜੈਕਟ ਅਧੀਨ ਲਗਵਾ ਲਈਆਂ ਜਾਣਗੀਆਂ) | 26 | 1,02,175/- |

| | | | |
|---|---|---|---|
| 12 | ਪ੍ਰੋਵਾਇਡਿੰਗ ਆਫ ਇੰਫਰਾਸਟ੍ਰਕਚਰ ਫਾਰ ਨਿਉ ਐਲ.ਈ.ਡੀ ਸਟਰੀਟ ਲਾਇਟ ਪੁਆਇੰਟ ਇਨ ਡਿਫਰੇਂਟ ਏਰੀਆ ਫਾਲਿੰਗ ਇਨ ਵਾਰਡ (ਐਲ.ਈ.ਡੀ ਲਾਇਟਾਂ ਮੈਸਰਜ਼ ਪੀ.ਸੀ.ਪੀ ਇੰਟਰਨੈਸ਼ਨਲ ਲਿਮਟਿਡ ਚੰਡੀਗੜ੍ਹ ਤੋ ਐਲ.ਈ.ਡੀ ਪ੍ਰੋਜੈਕਟ ਅਧੀਨ ਲਗਵਾ ਲਈਆਂ ਜਾਣਗੀਆਂ) | 32 | 2,38,200/- |
| 13 | ਪ੍ਰੋਵਾਇਡਿੰਗ ਆਫ ਇੰਫਰਾਸਟ੍ਰਕਚਰ ਫਾਰ ਨਿਉ ਐਲ.ਈ.ਡੀ ਸਟਰੀਟ ਲਾਇਟ ਪੁਆਇੰਟ ਇਨ ਡਿਫਰੇਂਟ ਏਰੀਆ ਫਾਲਿੰਗ ਇਨ ਵਾਰਡ (ਐਲ.ਈ.ਡੀ ਲਾਇਟਾਂ ਮੈਸਰਜ਼ ਪੀ.ਸੀ.ਪੀ ਇੰਟਰਨੈਸ਼ਨਲ ਲਿਮਟਿਡ ਚੰਡੀਗੜ੍ਹ ਤੋ ਐਲ.ਈ.ਡੀ ਪ੍ਰੋਜੈਕਟ ਅਧੀਨ ਲਗਵਾ ਲਈਆਂ ਜਾਣਗੀਆਂ) | 28 | 4,34,600/- |
| 14 | ਪ੍ਰੋਵਾਇਡਿੰਗ ਆਫ ਇੰਫਰਾਸਟ੍ਰਕਚਰ ਫਾਰ ਨਿਉ ਐਲ.ਈ.ਡੀ ਸਟਰੀਟ ਲਾਇਟ ਪੁਆਇੰਟ ਇਨ ਡਿਫਰੇਂਟ ਏਰੀਆ ਫਾਲਿੰਗ ਇਨ ਵਾਰਡ (ਐਲ.ਈ.ਡੀ ਲਾਇਟਾਂ ਮੈਸਰਜ਼ ਪੀ.ਸੀ.ਪੀ ਇੰਟਰਨੈਸ਼ਨਲ ਲਿਮਟਿਡ ਚੰਡੀਗੜ੍ਹ ਤੋ ਐਲ.ਈ.ਡੀ ਪ੍ਰੋਜੈਕਟ ਅਧੀਨ ਲਗਵਾ ਲਈਆਂ ਜਾਣਗੀਆਂ) | 78 | 38,700/- |

ਫੈਸਲਾ:
ਪ੍ਰਵਾਨ ਹੈ।
ਸਹੀ/- ਜਗਦੀਸ਼ ਰਾਜ ਰਾਜਾ,
ਮੇਅਰ
23.7.2018

ਮਤਾ ਨੰਬਰ: 116

ਵਿਸ਼ਾ:- ਵੱਖ-ਵੱਖ ਵਾਰਡਾਂ ਵਿੱਚ ਨਵੇਂ ਲਗਾਏ ਜਾਣ ਵਾਲੇ ਜਾਂ ਰਿਪਲੇਸ ਕਰਨ ਵਾਲੇ ਟਿਊਬਵੈਲ ਅਤੇ ਡਿਸਪੋਜਲਾਂ ਦੇ ਤਖਮੀਨਿਆਂ ਦੀ ਪ੍ਰਵਾਨਗੀ ਬਾਰੇ।

ਓ.ਐਂਡ.ਐਮ/ ਵਾਟਰ ਸਪਲਾਈ ਸ਼ਾਖਾ, ਨਗਰ ਨਿਗਮ ਜਲੰਧਰ ਵੱਲੋਂ ਸ਼ਹਿਰ ਦੇ ਵੱਖ-ਵੱਖ ਵਾਰਡਾਂ / ਇਲਾਕਿਆਂ ਨਾਲ ਸਬੰਧਤ ਟਿਊਬਵੈਲਾਂ ਅਤੇ ਡਿਸਪੋਜਲਾਂ ਦੇ ਕੰਮਾਂ ਦੇ ਤਖਮੀਨੇ ਤਿਆਰ ਕੀਤੇ ਗਏ ਹਨ, ਇਹਨਾਂ ਵੱਖ-ਵੱਖ ਤਖਮੀਨਿਆਂ ਤੇ ਨਿਗਰਾਨ ਇੰਜੀਨਿਅਰ (ਓ.ਐਂਡ.ਐਮ) ਅਤੇ ਕਮਿਸ਼ਨਰ ਜੀ ਨੇ ਵੀ ਹਾਊਸ ਵਿੱਚ ਵਿਚਾਰਨ ਹਿੱਤ ਸਹਿਮਤੀ ਹਸਤਾਖਰ ਕੀਤੇ ਹਨ, ਜਿਸ ਦੀ ਪ੍ਰਵਾਨਗੀ ਹਾਊਸ ਤੋ ਲੋੜੀਦੀ ਹੈ। ਮਾਨਯੋਗ ਮੇਅਰ ਜੀ ਦੇ ਆਦੇਸ਼ ਨਾਲ ਹੇਠ ਲਿਖੇ ਤਖਮੀਨੇ ਹਾਊਸ ਵਿੱਚ ਵਿਚਾਰਨ ਅਤੇ ਫੈਸਲੇ ਹਿੱਤ ਪੇਸ਼ ਹਨ:

ਇਹ ਕੰਮ ਪ੍ਰਵਾਨਿਤ ਰਿਵਾਈਜ਼ਡ ਅਮਰੁਤ ਸਕੀਮ ਦੇ ਸਕੋਪ ਆਫ ਵਰਕ ਵਿੱਚ ਨਹੀਂ ਹਨ।

| ਲੜੀ ਨੰ: | ਕੰਮ ਦਾ ਨਾਂ/ਜਗਾ ਦਾ ਸਪਸ਼ਟ ਵੇਰਵਾ | ਨਵਾਂ ਵਾਰਡ ਨੰ: | ਤਖਮੀਨਾ ਰੁਪਏ |
|---|---|---|---|
| 1 | ਲਧੇਵਾਲੀ ਵਿਖੇ ਰਿਗ ਬੋਰ ਟਿਊਬਵੈਲ ਲਗਾਉਣ ਬਾਰੇ। (ਰਿਪਲੇਸਮੈਂਟ) | 8 | **16,66,755/-** |
| 2 | ਇੰਨਸਟਾਲੇਸ਼ਨ ਆਫ ਨਿਉ ਰਿਵਰਸ ਰੋਟਰੀ ਰਿਗ ਬੋਰ ਟਿਊਬਵੈਲ ਇਨ ਯੂਨੀਵਰਸਲ ਕਲੌਨੀ । | 25 | **18,67,000/-** |
| 3 | ਭਗਤ ਸਿੰਘ ਕਲੌਨੀ ਅਤੇ ਬਾਬਾ ਬਾਲਕ ਨਾਥ ਨਗਰ ਦੇ ਡਿਸਪੋਜਲਾਂ ਤੇ 20 ਐਚ.ਪੀ ਨਾਨ ਕਲਾਗ ਪੰਪ (ਮੇਕ ਕੇ.ਐਸ.ਬੀ/ਕਿਰਲੋਸਕਰ/ਜਯੋਤੀ) ਲਗਾਉਣ ਬਾਰੇ। (ਰਿਪਲੇਸਮੈਂਟ) | 64 | **13,00,692/-** |

ਫੈਸਲਾ:
ਪ੍ਰਵਾਨ ਹੈ।
ਸਹੀ/- ਜਗਦੀਸ਼ ਰਾਜ ਰਾਜਾ,
ਮੇਅਰ
23.7.2018

ਮਤਾ ਨੰਬਰ: 117

ਵਿਸ਼ਾ:- ਡਾ: ਬੀ. ਆਰ. ਅੰਬੇਦਕਰ ਕੰਪਲੈਕਸ ਵਿਖੇ ਦੋ ਵੱਡੀਆਂ ਲਿਫਟਾਂ(1300 Kg) ਦੀ ਸਲਾਨਾ ਏ.ਐਮ.ਸੀ. ਕਰਵਾਉਣ ਸਬੰਧੀ।

ਪੜਿਆ ਨੋਟ ਕਾਰਜਕਾਰੀ ਇੰਜੀਨਿਅਰ (ਬੀ ਐਂਡ ਆਰ) ਕਿ ਉਕਤ ਵਿਸ਼ੇ ਅਧੀਨ ਤਖਮੀਨਾ ਰੁ:4,64,977/- ਦੀ ਰਾਸ਼ੀ ਇੱਕ ਸਾਲ ਦੀ ਏ.ਐਮ.ਸੀ. ਦੇ ਲਈ ਹੈ ਅਤੇ ਕੰਪਨੀ ਵੱਲੋਂ ਜੋ ਰੇਟ ਦਿੱਤੇ ਗਏ ਹਨ, ਉਸ ਅਨੁਸਾਰ ਦੂਜੇ ਅਤੇ ਤੀਸਰੇ ਸਾਲ ਦੇ ਏ.ਐਮ.ਸੀ. ਦੇ ਰੇਟ ਹੇਠ ਲਿਖੇ ਅਨੁਸਾਰ ਹੈ:-

| ਲੜੀ ਨੰ: | ਸਲਾਨਾ ਏ.ਐਮ.ਸੀ. ਵੇਰਵਾ | ਖਰਚ ਰਕਮ |
|---|---|---|
| 1 | ਪਹਿਲੇ ਸਾਲ ਲਈ ਏ.ਐਮ.ਸੀ. ਵਿਦ ਟੈਕਸ(2018-19) | ਰੁ:4,64,977/- |
| 2 | ਦੂਜੇ ਸਾਲ ਲਈ ਏ.ਐਮ.ਸੀ. ਬਿਨ੍ਹਾ ਟੈਕਸ(2019-20) | ਰੁ:4,53,155+Taxes Extra |
| 3 | ਤੀਸਰੇ ਸਾਲ ਲਈ ਏ.ਐਮ.ਸੀ. ਬਿਨ੍ਹਾ ਟੈਕਸ(2020-21) | ਰੁ:5,21,128+Taxes Extra |

ਕਿਉਂ ਜੋ ਇਹ ਲਿਫਟਾਂ ਕੋਨੇ ਕੰਪਨੀ ਵੱਲੋਂ ਇੰਨਸਟਾਲ ਕੀਤੀਆਂ ਗਈਆਂ ਹਨ ਅਤੇ ਇਸ ਲਈ ਇਨ੍ਹਾਂ ਲਿਫਟਾਂ ਦੇ ਪਾਰਟਸ ਆਮ ਮਾਰਕੀਟ ਵਿੱਚ ਉਪਲਬਧ ਨਹੀਂ ਹਨ। ਇਸ ਲਈ ਕੋਨੇ ਕੰਪਨੀ ਤੋਂ ਏ.ਐਮ.ਸੀ. ਕਰਵਾਉਣੀ ਸਹੀ ਹੋਵੇਗੀ। ਇੱਥੇ ਇਹ ਵੀ ਦੱਸਣਯੋਗ ਹੈ ਕਿ ਜਦੋਂ ਤੋਂ ਇਹ ਲਿਫਟਾਂ ਬਿਲਡਿੰਗ ਵਿੱਚ ਲਗਾਈਆਂ ਗਈਆਂ ਹਨ, ਇਨ੍ਹਾਂ ਦੀ ਏ.ਐਮ.ਸੀ. ਕੋਨੇ ਕੰਪਨੀ ਵੱਲੋਂ ਹੀ ਕੀਤੀ ਜਾ ਰਹੀ ਹੈ। ਉਪਰੋਕਤ ਰੇਟਾਂ ਅਨੁਸਾਰ ਲਿਫਟਾਂ ਦੀ ਏ.ਐਮ.ਸੀ. ਕੋਨੇ ਕੰਪਨੀ ਤੋਂ ਕਰਵਾਉਣ ਵਾਸਤੇ ਤਜ਼ਵੀਜ਼ ਮਾਨਯੋਗ ਹਾਊਸ ਦੀ ਪ੍ਰਵਾਨਗੀ ਹਿੱਤ ਪੇਸ਼ ਹੈ ਜੀ। ਨਿਗਰਾਨ ਇੰਜੀਨੀਅਰ(ਬੀ ਐਂਡ ਆਰ) ਨੇ ਮਿਤੀ 30.5.2018 ਰਾਹੀਂ ਤਜਵੀਜ ਹਾਊਸ ਵਿਚ ਰੱਖਣ ਦੀ ਸ਼ਿਫਾਰਸ਼ ਕੀਤੀ ਹੈ। ਕਮਿਸ਼ਨਰ ਜੀ ਨੇ ਮਿਤੀ 30.5.2018 ਰਾਹੀਂ ਸਹਿਮਤੀ ਹਸਤਾਖਰ ਕੀਤੇ ਹਨ।

ਮਾਨਯੋਗ ਮੇਅਰ ਜੀ ਦੇ ਆਦੇਸ਼ ਮਿਤੀ 17.7.2018 ਰਾਹੀਂ ਤਜਵੀਜ ਹਾਊਸ ਵਿਚ ਵਿਚਾਰਣ ਅਤੇ ਫੈਸਲੇ ਹਿਤ ਪੇਸ਼ ਹੈ।

ਫੈਸਲਾ:

ਪ੍ਰਵਾਨ ਹੈ।

ਸਹੀ/- ਜਗਦੀਸ਼ ਰਾਜ ਰਾਜਾ,
ਮੇਅਰ
23.7.2018

ਮਤਾ ਨੰਬਰ: 118

ਵਿਸ਼ਾ:- ਨਗਰ ਨਿਗਮ ਜਲੰਧਰ ਦੇ ਹਾਊਸ ਦੀ ਮੀਟਿੰਗ ਮਿਤੀ 25.06.18 ਵਿੱਚ ਲੰਬਿਤ ਮੱਦ ਨੰ: 92 ਬਾਬਤ ਸ਼ਹਿਰ ਵਿੱਚ ਲੱਗੀਆਂ ਸਟਰੀਟ ਲਾਇਟਾਂ ਦੇ ਰੱਖ-ਰੱਖਾਵ ਬਾਬਤ ਜ਼ੋਨ ਵਾਇਜ਼ ਤਖਮੀਨਿਆਂ ਦੀ ਪ੍ਰਵਾਨਗੀ ਸਬੰਧੀ ਮੁੜ ਵਿਚਾਰ ਕਰਨ ਬਾਰੇ।

ਪੜਿਆ ਨੋਟ ਨਿਗਰਾਨ ਇੰਜੀਨਿਅਰ (ਲਾਈਟ) ਮਿਤੀ 12.7.2018 ਕਿ ਨਗਰ ਨਿਗਮ ਦੀਆਂ ਸਟਰੀਟ ਲਾਇਟਾਂ ਦੇ ਰੱਖ-ਰੱਖਾਵ ਦਾ ਕੰਮ ਜ਼ੋਨ ਵਾਇਜ਼ ਵੰਡਿਆ ਹੋਇਆ ਹੈ। ਜ਼ੋਨ ਵਾਇਜ ਸਟਰੀਟ ਲਾਇਟਾਂ ਦੇ ਰੱਖ-ਰੱਖਾਵ ਦਾ ਕੰਮ ਆਉਟ ਸੋਰਸ ਰਾਹੀਂ ਠੇਕੇ ਤੇ ਕਰਵਾਇਆ ਜਾਂਦਾ ਹੈ। ਸਥਾਨਕ ਸਰਕਾਰ ਦੀਆਂ ਹਦਾਇਤਾਂ ਅਨੁਸਾਰ ਪੁਰਾਣੀਆਂ ਲੱਗੀਆਂ ਹੋਈਆ ਸਟਰੀਟ ਲਾਇਟਾਂ ਨੂੰ ਅਨਰਜੀ ਐਫੀਸ਼ਿਐਂਟ ਐਲ.ਈ.ਡੀ ਲਾਇਟਾਂ ਨਾਲ ਬਦਲਣ ਬਾਬਤ ਜ਼ੋ ਪ੍ਰੋਜੈਕਟ ਪੀ.ਐਮ.ਆਈ.ਡੀ.ਸੀ ਦੇ ਦਿਸ਼ਾ ਨਿਰਦੇਸ਼ਾ ਅਨੁਸਾਰ ਤਿਆਰ ਕੀਤਾ ਗਿਆ ਸੀ, ਉਸ ਦੀ ਪ੍ਰਵਾਨਗੀ ਵਿੱਤ ਅਤੇ ਠੇਕਾ ਕਮੇਟੀ ਦੇ ਮਤਾ ਨੰ: 295 ਮਿਤੀ 23.12.16 ਰਾਹੀਂ ਹੋਈ ਸੀ। ਇਕਰਾਰਨਾਮਾ ਕਰਨ ਉਪਰੰਤ ਅਜੰਸੀ ਨੂੰ ਵਰਕ ਆਰਡਰ ਮਿਤੀ 31.08.17 ਨੂੰ ਜਾਰੀ ਕੀਤਾ ਗਿਆ ਹੈ ਅਤੇ ਪ੍ਰੋਜੈਕਟ ਪੂਰਾ ਕਰਨ ਲਈ 15 ਮਹੀਨੇ ਦਾ ਸਮਾਂ ਦਿੱਤਾ ਗਿਆ ਹੈ। ਐਲ.ਈ.ਡੀ ਲਾਇਟਾਂ ਲਗਾਉਣ ਦਾ ਕੰਮ ਫੇਜ਼ ਵਾਈਜ਼ ਵਿਭਾਗ ਦੀ ਲੋੜ ਅਨੁਸਾਰ 15 ਮਹੀਨੇ ਵਿੱਚ ਪੂਰਾ ਕੀਤਾ ਜਾਣਾ ਹੈ।

ਲੋਕ ਹਿੱਤ ਵਿੱਚ ਇਸ ਦੌਰਾਨ ਪੁਰਾਣੀਆਂ ਲਾਇਟਾਂ ਨੂੰ ਵੀ ਜਗਦਾ ਰੱਖਣਾ ਜਰੂਰੀ ਹੈ, ਜਿਸ ਜਿਸ ਤਰ੍ਹਾਂ ਨਵੀਆਂ ਲਾਇਟਾਂ ਲੱਗਦੀਆਂ ਜਾਣਗੀਆਂ ਉਸ ਉਸ ਤਰ੍ਹਾਂ ਉਹਨਾ ਦੇ ਰੱਖ-ਰੱਖਾਵ ਦੀ ਜੁਮੇਵਾਰੀ ਵੀ ਨਵੇ ਠੇਕੇਦਾਰ ਦੀ ਹੋਣੀ ਹੈ, ਪਰੰਤੂ ਜਿੰਨੀ ਦੇਰ ਪੁਰਾਣੀਆਂ ਲਾਇਟਾਂ ਬਦਲੀਆਂ ਨਹੀ ਜਾਂਦੀਆਂ, ਉਨੀ ਦੇਰ ਉਹਨਾਂ ਦਾ ਰੱਖ-ਰੱਖਾਵ ਵੀ ਜਰੂਰੀ ਹੈ, ਜਿਸ ਨੂੰ ਮੁੱਖ ਰੱਖਦੇ ਹੋਏ ਜ਼ੋਨ ਵਾਇਜ਼ ਸਟਰੀਟ ਲਾਇਟ ਦੇ ਰੱਖ-ਰੱਖਾਵ ਦੇ ਤਖਮੀਨੇ ਹੇਠ ਲਿਖੇ ਅਨੁਸਾਰ ਤਿਆਰ ਕੀਤੇ ਗਏ ਹਨ। ਤਖਮੀਨੇ ਤਿਆਰ ਕਰਨ ਵੇਲੇ ਜਿੰਨੀਆਂ ਐਲ.ਈ.ਡੀ ਲਾਇਟਾਂ ਲੱਗ ਚੁਕੀਆ ਹਨ, ਉਹ ਅਸਲ ਇਨਵੈਂਟਰੀ ਵਿੱਚੋ ਘੱਟਾ ਕੇ ਰੱਖ-ਰੱਖਾਵ ਬਾਬਤ ਬਿੱਲਾਂ ਦੀ ਅਦਾਇਗੀ ਕੀਤੀ ਜਾਵੇਗੀ। ਇਿਹਨਾਂ ਵੱਖ-ਵੱਖ ਤਖਮੀਨਿਆਂ ਵਿੱਚ 18% ਜੀ.ਐਸ.ਟੀ ਦਾ ਉਪਬੰਧ ਕੀਤਾ ਗਿਆ ਹੈ ਜੋ ਕਿ ਅਗਰ ਐਪਲੀਕੇਬਲ ਹੋਵੇਗਾ ਤਾਂ ਅਜੰਸੀ ਨੂੰ ਤੱਦ ਰਿ-ਇੰਬਰਸ ਕੀਤਾ ਜਾਵੇਗਾ ਜੱਦੋ ਅਜੰਸੀ ਵਿਭਾਗ ਨੂੰ ਜੀ.ਐਸ.ਟੀ ਜਮਾਂ ਕਰਵਾਉਣ ਦੀ ਰਸੀਦ ਨਗਰ ਨਿਗਮ ਨੂੰ ਪੇਸ਼ ਕਰੇਗੀ। ਇਹਨਾਂ ਵੱਖ-ਵੱਖ ਜ਼ੋਨਾਂ ਦੀਆਂ ਸਟਰੀਟ ਲਾਇਟਾਂ ਰੱਖ-ਰੱਖਾਵ ਦੇ ਤਖਮੀਨਿਆਂ ਦੀ ਪ੍ਰਵਾਨਗੀ ਨਗਰ ਨਿਗਮ ਹਾਊਸ ਤੋ ਲੋੜੀਂਦੀ ਹੈ।

| ਲੜੀ ਨੰ: | ਕੰਮ ਦਾ ਨਾਂ/ਜਗਾਂ ਦਾ ਸਪਸ਼ਟ ਵੇਰਵਾ | ਤਖਮੀਨਾ ਰੁਪਏ |
|---|---|---|
| 1 | ਜ਼ੋਨ ਨੰ: 1 ਅਧੀਨ ਪੈਂਦੇ ਸਟਰੀਟ ਲਾਇਟ ਪੁਆਇੰਟਾਂ ਦੇ ਰੱਖ ਰੱਖਾਵ ਦੇ ਸਲਾਨਾ ਤਖਮੀਨੇ ਬਾਰੇ। (ਪੁਰਾਣਾ ਵਾਰਡ ਨੰ: 17,18,19,20,25,27,28, ਅਤੇ 29 ਪੁਰਾਣਾ ਕੁੱਲ ਵਾਰਡ 8) | 51,65,979/- |
| 2 | ਜ਼ੋਨ ਨੰ: 2 ਅਧੀਨ ਪੈਂਦੇ ਸਟਰੀਟ ਲਾਇਟ ਪੁਆਇੰਟਾਂ ਦੇ ਰੱਖ ਰੱਖਾਵ ਦੇ ਸਲਾਨਾ ਤਖਮੀਨੇ ਬਾਰੇ। (ਪੁਰਾਣਾ ਵਾਰਡ ਨੰ: 1,2,21,22,23 ਅਤੇ 39 ਟਰਾਂਸਪੋਰਟ ਨਗਰ ਕੁੱਲ ਵਾਰਡ 6) | 66,06,264/- |
| 3 | ਜ਼ੋਨ ਨੰ: 3 ਅਧੀਨ ਪੈਂਦੇ ਸਟਰੀਟ ਲਾਇਟ ਪੁਆਇੰਟਾਂ ਦੇ ਰੱਖ ਰੱਖਾਵ ਦੇ ਸਲਾਨਾ ਤਖਮੀਨੇ ਬਾਰੇ। (ਪੁਰਾਣਾ ਵਾਰਡ ਨੰ: 24,26,35,36,38,40,41,42,43,44 ਅਤੇ ਮੇਨ ਕੁੱਲ ਵਾਰਡ 10) | 63,46,225/- |
| 4 | ਜ਼ੋਨ ਨੰ: 4 ਅਧੀਨ ਪੈਂਦੇ ਸਟਰੀਟ ਲਾਇਟ ਪੁਆਇੰਟਾਂ ਦੇ ਰੱਖ ਰੱਖਾਵ ਦੇ ਸਲਾਨਾ ਤਖਮੀਨੇ ਬਾਰੇ।(ਪੁਰਾਣਾ ਵਾਰਡ ਨੰ: 35,45,46,47,48,49,50,51,52,53,54,58,59,60 ਅਤੇ ਮੇਨ ਕੁੱਲ ਵਾਰਡ 14) | 90,19,794/- |
| 5 | ਜ਼ੋਨ ਨੰ: 5 ਅਧੀਨ ਪੈਂਦੇ ਸਟਰੀਟ ਲਾਇਟ ਪੁਆਇੰਟਾਂ ਦੇ ਰੱਖ ਰੱਖਾਵ ਦੇ ਸਲਾਨਾ ਤਖਮੀਨੇ ਬਾਰੇ। (ਪੁਰਾਣਾ ਵਾਰਡ ਨੰ: 9,10,11,12,13,14,15,16,30 ਅਤੇ ਜਮਸ਼ੇਰ ਕੁੱਲ ਵਾਰਡ 9) | 71,34,376/- |
| 6 | ਜ਼ੋਨ ਨੰ: 6 ਅਧੀਨ ਪੈਂਦੇ ਸਟਰੀਟ ਲਾਇਟ ਪੁਆਇੰਟਾਂ ਦੇ ਰੱਖ ਰੱਖਾਵ ਦੇ ਸਲਾਨਾ ਤਖਮੀਨੇ ਬਾਰੇ। (ਪੁਰਾਣਾ ਵਾਰਡ ਨੰ: 31,32,33,34,55,56,57 ਅਰਬਨ ਅਸਟੇਟ ਫੇਸ-1 ਅਤੇ 2 ਅਤੇ ਮੇਨ ਕੁੱਲ ਵਾਰਡ 7) | 71,43,241/- |
| 7 | ਜ਼ੋਨ ਨੰ: 7 ਅਧੀਨ ਪੈਂਦੇ ਸਟਰੀਟ ਲਾਇਟ ਪੁਆਇੰਟਾਂ ਦੇ ਰੱਖ ਰੱਖਾਵ ਦੇ ਸਲਾਨਾ ਤਖਮੀਨੇ ਬਾਰੇ। (ਪੁਰਾਣਾ ਵਾਰਡ ਨੰ: 3,4,5,6,7 ਅਤੇ 8 ਕੁੱਲ ਵਾਰਡ 6) | 46,66,029/- |

ਤਖਮੀਨਿਆਂ ਦੀ ਪ੍ਰਵਾਨਗੀ ਉਪਰੰਤ ਰੱਖ-ਰੱਖਾਵ ਦੇ ਟੈਂਡਰ ਦੀਆਂ ਨਿਯਮ ਅਤੇ ਸ਼ਰਤਾਂ ਤਿਆਰ ਕਰਕੇ ਈ-ਟੈਂਡਰਿੰਗ ਰਾਹੀਂ ਟੈਂਡਰ ਮੰਗ ਕੇ, ਵਿੱਤ ਅਤੇ ਠੇਕਾ ਕਮੇਟੀ ਦੀ ਪ੍ਰਵਾਨਗੀ ਉਪਰੰਤ ਘੱਟ ਰੇਟਾਂ ਵਾਲੇ ਅਲੀਜੀਬਲ ਠੇਕੇਦਾਰ ਨੂੰ ਕੰਮ ਅਲਾਟ ਕੀਤਾ ਜਾਵੇਗਾ। ਜਿਸ-ਜਿਸ ਤਰ੍ਹਾਂ ਤੇ ਨਵੀਆਂ ਐਲ.ਈ.ਡੀ ਲਾਇਟਾਂ ਲਗਦੀਆਂ ਜਾਣਗੀਆਂ, ਉਸ ਤਰ੍ਹਾਂ ਪੁਰਾਣੀਆਂ ਲਾਇਟਾਂ ਦੇ ਰੱਖ ਰੱਖਾਵ ਦੇ ਪੁਆਇੰਟ ਘੱਟਦੇ ਜਾਣਗੇ ਅਤੇ ਉਸ ਹਿਸਾਬ ਨਾਲ ਹੀ ਠੇਕੇਦਾਰ ਨੂੰ ਅਦਾਇਗੀ ਕੀਤੀ ਜਾਵੇਗੀ।

ਉਪਰੋਕਤ ਅਨੁਸਾਰ ਤਖਮੀਨੇ ਨਗਰ ਨਿਗਮ ਹਾਊਸ ਦੀ ਮੀਟਿੰਗ ਮਿਤੀ 25.06.18 ਦੀ ਮੱਦ ਨੰ: 92 ਤੇ ਲੰਬਿਤ ਰੱਖੇ ਗਏ ਸਨ। ਇਥੇ ਇਹ ਵਰਣਨਯੋਗ ਹੈ ਕਿ ਅਰਨਜੀ ਐਫੀਸ਼ਿਐਂਸੀ ਪ੍ਰੋਜੈਕਟ ਅਧੀਨ ਸੋਡੀਅਮ ਲਾਇਟਾਂ ਦੀ ਜਗ੍ਹਾ ਜ਼ੋ ਐਲ.ਈ.ਡੀ ਲਾਇਟਾਂ ਲਗਾਉਣ ਦਾ ਕੰਮ ਪ੍ਰਗਤੀ ਅਧੀਨ ਹੈ, ਉਸ ਕੰਮ ਅਧੀਨ ਅੱਜੇ ਤੱਕ ਲਗਭਗ 5000 ਲਾਇਟਾਂ ਹੀ ਰਿਪਲੇਸ ਹੋਈਆਂ ਹਨ ਅਤੇ ਬਾਕੀ ਲਾਇਟਾਂ ਦਾ ਰੱਖ ਰੱਖਾਵ ਲੋਕ ਹਿੱਤ ਵਿੱਚ ਬਹੁਤ ਜਰੂਰੀ ਹੈ। ਰੱਖ ਰੱਖਾਵ ਦੇ ਠੇਕੇ ਬਾਬਤ ਪਹਿਲਾ ਤੋ ਚੱਲ ਰਹੇ ਕੰਮ ਮਿਤੀ 04.05.18 ਨੂੰ ਖਤਮ ਹੋਣੇ ਸਨ, ਜਿਹਨਾ ਦੀ ਮਿਆਦ ਵਿੱਤ ਅਤੇ ਠੇਕਾ ਕਮੇਟੀ ਨੇ ਮਿਤੀ 04.08.18 ਤੱਕ ਵਧਾਈ ਹੈ, ਉਸ ਤੋ ਬਾਅਦ ਠੇਕੇ ਖਤਮ ਹੋ ਜਾਣਗੇ, ਪਰੰਤੂ ਸ਼ਹਿਰ ਦੇ ਵੱਖ-ਵੱਖ ਜ਼ੋਨਾਂ ਵਿੱਚ ਲੱਗੀਆਂ ਬਾਕੀ ਲੱਗਭਗ 60000 ਸੋਡੀਅਮ ਲਾਇਟਾਂ ਦਾ ਲੋਕ ਹਿੱਤ ਵਿੱਚ ਰੱਖ-ਰੱਖਾਵ ਕਰਨਾ ਬਹੁਤ ਜਰੂਰੀ ਹੈ। ਇਸ ਲਈ ਉਪਰੋਕਤ ਤਖਮੀਨੇ ਪ੍ਰਵਾਨਗੀ ਲਈ ਮੁੜ ਵਿਚਾਰਣ ਹਿੱਤ ਨਗਰ ਨਿਗਮ ਹਾਊਸ ਦੀ ਮੀਟਿੰਗ ਵਿੱਚ ਪੇਸ਼ ਹਨ ਜੀ।

ਮਾਨਯੋਗ ਮੇਅਰ ਜੀ ਦੇ ਆਦੇਸ਼ ਮਿਤੀ 18.7.2018 ਰਾਹੀਂ ਉਕਤ ਤਖ਼ਮੀਨੇ ਨਗਰ ਨਿਗਮ ਹਾਊਸ ਵਿੱਚ ਵਿਚਾਰਣ ਅਤੇ ਫੈਸਲੇ ਹਿੱਤ ਪੇਸ਼ ਹਨ ਜੀ ।

ਫੈਸਲਾ:

ਪ੍ਰਵਾਨ ਹੈ । ਇਹ ਵੀ ਫੈਸਲਾ ਹੋਇਆ ਕਿ ਵਾਰਡਵਾਈਜ਼ ਪੁਆਇੰਟਾਂ ਦੀ ਗਿਣਤੀ ਸ੍ਰੀ ਸੁਸ਼ੀਲ ਕਾਲੀਆ, ਕੌਂਸਲਰ ਅਤੇ ਮੇਅਰ ਜੀ ਨੂੰ ਦਿੱਤੀ ਜਾਵੇ ਅਤੇ ਇਹ ਵੀ ਫੈਸਲਾ ਹੋਇਆ ਕਿ ਸਟਰੀਟ ਲਾਈਟਾਂ ਮੇਨਟੇਨ ਕਰਨ ਲਈ ਲਏ ਗਏ ਰੇਟਾਂ ਸਬੰਧੀ ਸ੍ਰੀ ਰੋਹਣ ਸਹਿਗਲ ਅਤੇ ਸ੍ਰੀ ਸੁਸ਼ੀਲ ਕਾਲੀਆ, ਕੌਂਸਲਰ ਸਟਡੀ ਕਰ ਕੇ ਆਪਣੀ ਰਿਪੋਰਟ ਹਾਊਸ ਨੂੰ ਦੇਣਗੇ ।

ਸਹੀ/- ਜਗਦੀਸ਼ ਰਾਜ ਰਾਜਾ, ਮੇਅਰ
23.7.2018

ਮਤਾ ਨੰਬਰ: 119

ਵਿਸ਼ਾ: ਪਾਲਿਸੀ ਫਾਰ ਦੀ ਮੇਨਟੀਨੈਂਸ ਆਫ ਮਿਉਂਸਪਲ ਪਾਰਕਸ ਫਾਲਿੰਗ ਅੰਡਰ ਦੀ ਜਿਉਰੀਸਡਿਕਸ਼ਨ ਆਫ ਵੇਰਿਅਸ ਯੂ.ਐਲ.ਬੀਜ਼ ਇਨ ਦੀ ਸਟੇਟ ਆਫ ਪੰਜਾਬ ।

ਪੜਿਆ ਨੋਟ ਕਾਰਜਕਾਰੀ ਇੰਜੀਨਿਅਰ (ਬਾਗਬਾਨੀ) ਜਿਸ ਨਾਲ ਨਿਗਰਾਨ ਇੰਜੀਨਿਅਰ (ਬੀ ਐਂਡ ਆਰ) ਨੇ ਸਹਿਮਤੀ ਹਸਤਾਖਰ ਕੀਤੇ ਹਨ ਕਿ ਸਰਕਾਰ ਦੇ ਨੋਟੀਫਿਕੇਸ਼ਨ ਨੰ: 5/65/2017-1-ਐਲ.ਜੀ.-4 /1021 ਮਿਤੀ 11.5.2017 ਰਾਹੀਂ ਪਾਰਕਾਂ ਦੀ ਸਾਂਭ-ਸੰਭਾਲ ਲਈ ਪਾਲਿਸੀ ਜਾਰੀ ਕੀਤੀ ਗਈ ਹੈ ਜਿਸ ਦੀ ਕਾਪੀ ਨਾਲ ਨੱਥੀ ਹੈ । ਇਸ ਪਾਲਿਸੀ ਨੂੰ ਲਾਗੂ ਕਰਨ ਤੋਂ ਪਹਿਲਾਂ ਹਾਊਸ ਦੀ ਪ੍ਰਵਾਨਗੀ ਜ਼ਰੂਰੀ ਹੈ, ਇਸ ਲਈ ਇਹ ਨੋਟੀਫਿਕੇਸ਼ਨ ਹਾਊਸ ਦੀ ਪ੍ਰਵਾਨਗੀ ਹਿੱਤ ਪੇਸ਼ ਹੈ। ਕਮਿਸ਼ਨਰ ਜੀ ਨੇ ਮਿਤੀ 6.3.2018 ਰਾਹੀਂ ਸਹਿਮਤੀ ਹਸਤਾਖ਼ਰ ਕੀਤੇ ਹਨ ।

ਮਾਨਯੋਗ ਮੇਅਰ ਜੀ ਦੇ ਆਦੇਸ਼ ਮਿਤੀ 17.7.2018 ਨਾਲ ਉਕਤ ਨੋਟੀਫਿਕੇਸ਼ਨ ਹਾਊਸ ਦੀ ਪ੍ਰਵਾਨਗੀ ਹਿੱਤ ਪੇਸ਼ ਹੈ ਜੀ ।

ਫੈਸਲਾ:

ਵਿਚਾਰਣ ਉਪਰੰਤ ਮੇਅਰ ਜੀ ਵਲੋਂ ਸਮੂਹ ਹਾਊਸ ਨੂੰ ਦੱਸਿਆ ਗਿਆ ਕਿ ਮਿਤੀ 27.2.2015 ਨੂੰ ਸਰਕਾਰ ਵਲੋਂ ਮੁਹੱਲਾ ਸੁਧਾਰ ਕਮੇਟੀਆਂ ਵਿੱਚ ਕੰਮ ਕਰਦੇ ਮਾਲੀਆਂ ਨੂੰ ਜਿਹੜੀ ਗ੍ਰਾਂਟ 1000/- ਰੁਪਏ ਪ੍ਰਤੀ ਮਾਲੀ ਪ੍ਰਤੀ ਮਹੀਨਾ ਦਿੱਤੀ ਜਾਂਦੀ ਸੀ, ਨੂੰ ਰਿਵਾਈਜ਼ ਕਰਕੇ 2000/- ਰੁਪਏ ਕੀਤਾ ਗਿਆ ਸੀ ਅਤੇ ਅਧਿਕਾਰੀਆਂ ਵਲੋਂ ਨਾ ਤਾਂ ਇਸ ਤੇ ਕੋਈ ਕਾਰਵਾਈ ਕੀਤੀ ਗਈ ਅਤੇ ਨਾ ਹੀ ਹਾਊਸ ਨੂੰ ਜਾਣੂ ਕਰਵਾਇਆ ਗਿਆ। ਇਸ ਸਬੰਧੀ ਮੇਅਰ ਜੀ ਨੇ ਸਮੂਹ ਹਾਊਸ ਦੀ ਰਾਏ ਮੰਗੀ ਤਾਂ ਸਮੂਹ ਹਾਊਸ ਨੇ ਅਧਿਕਾਰੀਆਂ ਨੂੰ ਵਾਰਨਿੰਗ ਦੇਣਾ ਪ੍ਰਵਾਨ ਕੀਤਾ ਅਤੇ ਇਹ ਵੀ ਫੈਸਲਾ ਲਿਆ ਕਿ ਅੱਗੇ ਤੋਂ ਕੋਈ ਵੀ ਸਰਕਾਰੀ ਪੱਤਰ ਹਾਊਸ ਤੋਂ ਛੁਪਾਇਆ ਨਾ ਜਾਵੇ ਅਤੇ ਹਾਊਸ ਨੂੰ ਜਾਣੂ ਕਰਵਾਇਆ ਜਾਵੇ। ਇਸ ਉਪਰੰਤ ਇਹ ਮੱਦ ਹਾਲ ਦੀ ਘੜੀ ਲੰਬਿਤ ਰੱਖੀ ਜਾਂਦੀ ਹੈ ।

ਸਹੀ/- ਜਗਦੀਸ਼ ਰਾਜ ਰਾਜਾ, ਮੇਅਰ
23.7.2018

ਮਤਾ ਨੰਬਰ: 120
ਵਿਸ਼ਾ: ਦੀ ਪੰਜਾਬ ਮਿਉਂਸਪਲ ਆਊਟਡੋਰ ਐਡਵਰਟਾਈਜ਼ਮੈਂਟ ਪਾਲਿਸੀ ਅਤੇ ਬਾਈਲਾਜ਼-2018

ਪੜਿਆ ਨੋਟ ਸੁਪਰਡੰਟ, ਵਿਗਿਆਪਨ ਸ਼ਾਖਾ ਜਿਸ ਨਾਲ ਸੰਯੁਕਤ ਕਮਿਸ਼ਨਰ (ਐਸ) ਨੇ ਸਿਫਾਰਸ਼ ਕੀਤੀ ਹੈ ਕਿ ਸਥਾਨਕ ਸਰਕਾਰ ਵਿਭਾਗ, ਪੰਜਾਬ, ਚੰਡੀਗੜ੍ਹ ਵਲੋਂ ਸਾਲ 2018 ਵਿੱਚ ਹੋਣ ਵਾਲੀ ਵਿਗਿਆਪਨਬਾਜ਼ੀ ਸਬੰਧੀ ਪਾਲਿਸੀ ਅਤੇ ਬਾਈਲਾਜ਼ ਬਣਾਏ ਗਏ ਹਨ, ਜਿਹੜੇ ਕਿ ਨਾਲ ਨੱਥੀ ਹਨ, ਹਾਊਸ ਦੀ ਜਾਣਕਾਰੀ ਹਿੱਤ ਪੇਸ਼ ਹੈ । ਕਮਿਸ਼ਨਰ ਜੀ ਨੇ ਮਿਤੀ 25.6.2018 ਰਾਹੀਂ ਸਹਿਮਤੀ ਹਸਤਾਖ਼ਰ ਕੀਤੇ ਹਨ ।

ਮਾਨਯੋਗ ਮੇਅਰ ਜੀ ਦੇ ਆਦੇਸ਼ ਮਿਤੀ 11.7.2018 ਰਾਹੀਂ ਦੀ ਪੰਜਾਬ ਮਿਉਂਸਪਲ ਆਊਟਡੋਰ ਐਡਵਰਟਾਈਜ਼ਮੈਂਟ ਪਾਲਿਸੀ ਅਤੇ ਬਾਈਲਾਜ਼-2018 ਹਾਊਸ ਦੀ ਜਾਣਕਾਰੀ ਹਿੱਤ ਪੇਸ਼ ਹੈ ਜੀ ।

ਫੈਸਲਾ:
ਵਿਚਾਰਣ ਉਪਰੰਤ ਇਹ ਮੱਦ ਲੰਬਿਤ ਰੱਖੀ ਜਾਂਦੀ ਹੈ।
ਸਹੀ/- ਜਗਦੀਸ਼ ਰਾਜ ਰਾਜਾ, ਮੇਅਰ
23.7.2018